ਇੱਕ ਬਾਗ਼ੀ ਦੀ ਸੰਘਰਸ਼ ਗਾਥਾ

ਜੀਵਨੀ ਗ਼ਦਰੀ ਬਾਬਾ ਵਿਸਾਖਾ ਸਿੰਘ

ਲੇਖਕ:
ਬਲਜੀਤ ਸਿੰਘ ਖ਼ਾਲਸਾ

ਤਤਕਰਾ

ਧਰਮੀ ਸਿੰਘਾਂ ਦੀ ਵਿਰਾਸਤ 5

ਮੇਰੇ ਪ੍ਰੇਰਨਾ ਸਰੋਤ ਯੁੱਗਪੁਰਸ਼ 6

ਦਦੇਹਰ ਤੋਂ ਕੈਲੇਫੋਰਨੀਆਂ ਤਕ 9

ਚੋਟ ਨਗਾਰੇ ਤੇ 16

ਕਾਲ਼-ਕੋਠੜੀਆਂ ਵਿੱਚ 23

ਅਣਥੱਕ ਸੇਵਾ ਦੇ ਮੈਦਾਨ ਵਿੱਚ 31

ਦਦੇਹਰ ਪਿੰਡ ਦੀਆਂ ਗ਼ਲੀਆਂ ਵਿੱਚ 37



17/3/2013

© ਲੇਖਕ

ਗਿਆਨੀ ਸਰੂਪ ਸਿੰਘ ਕੜਿਆਣਾ ★ ਪੰਥਕ ਢਾਡੀ ਜੱਥਾ 98150-03075 ਪਿੰਡ ਕੜਿਆਣਾ ਤਹਿ. ਫਿਲੌਰ (ਜਲੰਧਰ)

ਲੇਖਕ :

ਬਲਜੀਤ ਸਿੰਘ ਖ਼ਾਲਸਾ

ਪਿੰਡ ਤੇ ਡਾਕ. ਸੁਲਤਾਨਵਿੰਡ,
ਸ੍ਰੀ ਅੰਮ੍ਰਿਤਸਰ । (143001)
98558 31284

ਪਹਿਲੀ ਵਾਰ ਮਈ 2012

ਕੀਮਤ : 40/-

ਟਾਈਟਲ ਡਿਜ਼ਾਈਨ :
ਕੰਵਰਦੀਪ ਸਿੰਘ 'ਕਵੀ'

ਪ੍ਰਕਾਸ਼ਕ :

ਅਜ਼ਾਦ ਖ਼ਾਲਸਾ ਪ੍ਰਕਾਸ਼ਨ

ਪਿੰਡ ਤੇ ਡਾਕ. ਸੁਲਤਾਨਵਿੰਡ, ਸ੍ਰੀ ਅੰਮ੍ਰਿਤਸਰ ।
ਫੋਨ : 0183-2701358
97795-34056, 84371-06685

ਸਮਰਪਣ

ਸਿੱਖੀ ਸਿਦਕ ਵਿੱਚ ਰੱਤੇ ਉਸ
ਮਹਾਨ ਜਜ਼ਬੇ ਨੂੰ, ਜਿਹੜਾ
ਕਾਲ਼ੇਪਾਣੀਆਂ ਦੀਆਂ ਕਾਲ਼ਕੋਠੜੀਆਂ
ਵਿੱਚ ਗੁਰਬਾਣੀ ਦੀਆਂ ਗੁੰਜਾਰਾਂ ਪਾਉਂਦਾ
ਤੇ ਅਜ਼ਾਦੀ ਦੇ ਤਰਾਨੇ ਗਾਉਂਦਾ
ਸ਼ੇਰ ਵਾਂਗ ਦਹਾੜਦਾ ਹੋਇਆ
ਲੋਕਾਂ ਨੂੰ ਕੌਮੀ ਅਜ਼ਾਦੀ
ਦੀ ਕੀਮਤ ਸਮਝਾਉਂਦਾ ਰਿਹਾ ।

ਧਰਮੀ ਸਿੰਘਾਂ ਦੀ ਵਿਰਾਸਤ



ਗ਼ਦਰੀ ਬਾਬਾ ਵਿਸਾਖਾ ਸਿੰਘ ਦੀ ਜੀਵਨੀ ਨਾ.ਲ ਸੰਬੰਧਿਤ ਇੱਕ ਕਿਤਾਬ ਮੈਨੂੰ ਪਹਿਲੀ ਵਾਰ ਸੰਨ 2000 ਵਿੱਚ ਪੜ੍ਹਨ ਨੂੰ ਮਿ.ਲੀ। ਕਿਤਾਬ ਕੀ ਸੀ, ਇੱਕ ਵਿਸ਼ਾਲ ਖ਼ੌਲਦਾ ਸਮੁੰਦਰ ਸੀ, ਜਿਸ ਵਿੱਚੋਂ ਮੈਂ ਇੱਕ ਅਨੂਠੇ ਸੰਘਰਸ਼ ਦੀਆਂ ਪੈੜਾਂ ਦੇ ਪਿੱਛੇ ਪਿੱਛੇ ਤੈਰਦਾ ਜਾ ਰਿਹਾ ਸੀ।

ਬਾਬਾ ਵਿਸਾਖਾ ਸਿੰਘ ਦੀ ਸੰਘਰਸ਼ ਕਹਾਣੀ ਬਾਰੇ ਸੰਖੇਪ ਲਿਖਤ ਮੈਂ ਓਦੋਂ 'ਗੁਰਮਤਿ ਪ੍ਰਕਾਸ਼' ਦੇ ਸੰਪਾਦਕ ਸ੍ਰ. ਚਮਕੌਰ ਸਿੰਘ ਦੇ ਕਹਿਣ ਤੇ ਲਿਖੀ। ਇਸ ਲਈ ਗ਼ਦਰ ਲਹਿਰ ਨਾ.ਲ ਸੰਬੰਧਿਤ ਕਈ ਕਿਤਾਬਾਂ ਦਾ ਅਧਿਐਨ ਕਰਨ ਦਾ ਮੌਕਾ ਮਿ.ਲਿਆ। ਕੌਮੀ ਪਰਵਾਨਿਆਂ ਦੇ ਸਿਦਕ ਅਤੇ ਸਿਰੜ ਦੀਆਂ ਅਚੰਭਾਜਨਕ ਝਾਕੀਆਂ ਦਿਸੀਆਂ। ਇੱਕ ਹੋਰ ਤਲਖ਼ ਸਚਾਈ ਸਾਮ੍ਹਣੇ ਆਈ ਕਿ ਗ਼ਦਰੀ ਲਹਿਰ ਨਾ.ਲ ਸੰਬੰਧਿਤ ਗ਼ਦਰੀ ਬਾਬੇ ਸਿੱਖ ਧਰਮ ਨੂੰ ਰੂਹ ਤੋਂ ਪ੍ਰਨਾਏ ਹੋਏ ਸਨ, ਅੰਮ੍ਰਿਤਧਾਰੀ ਅਤੇ ਨਿੱਤਨੇਮੀ ਸਨ, ਅਤੇ ਬਾਬਾ ਵਿਸਾਖਾ ਸਿੰਘ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਵੀ ਰਹੇ ਸਨ, ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਹਨਾਂ ਗ਼ਦਰੀ ਸਿੰਘਾਂ ਦੀ ਇਤਿਹਾਸਕ ਵਿਰਾਸਤ ਨੂੰ ਸੰਭਾ.ਲਣ ਹਿਤ ਕੋਈ ਮਾੜਾ ਮੋਟਾ ਉੱਦਮ ਵੀ ਨਾ ਕਰਨ ਕਰ ਕੇ ਨਾਸਤਕ ਲੋਕਾਂ ਦੀ ਜਮਾਤ (ਕਾਮਰੇਡ ਪਾਰਟੀ) ਖਾਹਮਖਾਹ ਇਹਨਾਂ ਗ਼ਦਰੀ ਬਾਬਿਆਂ ਦੀ ਇਕਲੌਤੀ ਵਾਰਸ ਬਣ ਬੈਠੀ ਹੈ।

ਸਿਤਮਜ਼ਰੀਫ਼ੀ ਇਹ ਹੈ ਕਿ ਗ਼ਦਰੀ ਬਾਬਿਆਂ ਦੀ ਜਲੰਧਰ ਵਿੱਚ ਉੱਸਰੀ ਯਾਦਗਾਰ 'ਦੇਸ਼ ਭਗਤ ਯਾਦਗਾਰ ਹਾਲ' ਜਿਸ ਦੀ ਸਥਾਪਨਾ ਬਾਬਾ ਵਿਸਾਖਾ ਸਿੰਘ ਦੇ ਉੱਦਮ ਨਾ.ਲ ਹੋਈ ਸੀ, ਉਸ ਉੱਪਰ ਵੀ ਅੱਜ ਕਾਮਰੇਡਾਂ ਦਾ ਕਬਜ਼ਾ ਹੈ ਤੇ ਉਹ ਲੋਕ ਇੱਥੇ ਲੱਗਣ ਵਾ.ਲੇ ਸਲਾਨਾ ਮੇਲੇ ਵਿੱਚ ਸਿੱਖ ਧਰਮ ਨਾ.ਲ ਸੰਬੰਧਿਤ ਕਿਸੇ ਵੀ ਕਿਤਾਬ ਦਾ ਸਟਾਲ ਨਹੀਂ ਲੱਗਣ ਦਿੰਦੇ, ਇਹ ਕਹਿ ਕੇ ਇਹ ਤਾਂ 'ਮੂਲਵਾਦੀ' ਲਿਟਰੇਚਰ ਹੈ।

ਇਸ ਦੁਖਾਂਤਕ ਵਰਤਾਰੇ ਨੂੰ ਅਸੀਂ 'ਬੇਗ਼ਾਨਿਆਂ ਦੀ ਸੀਨਾਜ਼ੋਰੀ' ਆਖੀਏ ਕਿ ਸਾਡੇ 'ਆਪਣਿਆਂ ਦੀ ਕਮਜ਼ੋਰੀ', ਇਸ ਦਾ ਫ਼ੈਸਲਾ ਕਰਨ ਨਾ.ਲੋਂ ਵਧੇਰੇ ਜ਼ਰੂਰੀ ਇਹ ਹੈ ਕਿ ਅਸੀਂ ਆਪਣੇ ਜੁਝਾਰੂ ਸੂਰਬੀਰਾਂ ਦਾ ਇਤਿਹਾਸ ਸੰਭਾ.ਲਣ ਲਈ ਉੱਦਮ ਕਰੀਏ ਤਾਂ ਕਿ ਸਾਡੀ ਕੌਮ ਦੀ ਜਵਾਨੀ ਨੂੰ ਆਪਣੇ ਪੁਰਖਿਆਂ ਦੇ ਸੰਘਰਸ਼ ਬਾਰੇ ਪਤਾ ਲੱਗ ਸਕੇ। ਸੰਤ ਸਿਪਾਹੀ ਬਾਬਾ ਵਿਸਾਖਾ ਸਿੰਘ ਜੀ ਦੀ ਇਹ ਸੰਖੇਪ ਸੰਘਰਸ਼ ਗਾਥਾ ਇਸ ਦਿਸ਼ਾ ਵੱਲ ਇੱਕ ਨਿਮਾਣਾ ਜਿਹਾ ਯਤਨ ਹੈ।

ਗੁਰੂ ਪੰਥ ਦਾ ਦਾਸ

ਬਲਜੀਤ ਸਿੰਘ ਖ਼ਾਲਸਾ

ਮੁੱਖ ਸੰਪਾਦਕ 'ਵੰਗਾਰ'
ਸੁਲਤਾਨਵਿੰਡ, ਸ੍ਰੀ ਅੰਮ੍ਰਿਤਸਰ।
98558-31284

ਮੇਰੇ ਪ੍ਰੇਰਨਾ ਸਰੋਤ ਯੁੱਗਪੁਰਸ਼

ਜਦੋਂ 18 ਦਸੰਬਰ 2002 ਵਿੱਚ ਪੰਜਾਬ ਸਰਕਾਰ ਨੇ ਮੇਰਾ ਪਾਸਪੋਰਟ ਬਣਾਏ ਜਾਣ ਨੂੰ ਹੀ ਇੱਕ ਖ਼ਤਰਨਾਕ ਐਕਸ਼ਨ ਗ਼ਰਦਾਨ ਕੇ ਮੈਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਗੁਰਦਾਸਪੁਰ ਜੇਲ੍ਹ ਵਿੱਚ ਬੰਦ ਕਰ ਦਿੱਤਾ ਤਾਂ ਓਦੋਂ ਮੈਂ ਸਿੰਘ ਸਾਹਿਬ ਸ੍ਰ. ਧਰਮ ਸਿੰਘ ਕਾਸ਼ਤੀਵਾਲ਼ ਦੀ ਯਾਦ ਵਿੱਚ ਕੀਤੇ ਜਾਣ ਵਾਲ਼ੇ ਸ਼ਹੀਦੀ ਸਮਾਗਮ ਵਿੱਚ ਰੁੱਝੀ ਹੋਈ ਸੀ। ਮੈਨੂੰ ਸਭ ਤੋਂ ਵੱਧ ਚਿੰਤਾ ਇਸ ਸ਼ਹੀਦੀ ਸਮਾਗਮ ਸੰਬੰਧੀ ਸੀ, ਜਿਸ ਕਾਰਨ ਮਨ ਕਾਫ਼ੀ ਬੇਚੈਨ ਜਿਹਾ ਸੀ।

ਇਹਨਾਂ ਹੀ ਦਿਨਾਂ ਦੇ ਵਿੱਚ ਜਦੋਂ ਮੇਰੀ ਛੇਤੀ ਜ਼ਮਾਨਤ ਹੋਣ ਦੇ ਕੋਈ ਆਸਾਰ ਨਜ਼ਰ ਨਾ ਆਏ ਤਾਂ ਦਾਰਜੀ ਹੋਰਾਂ ਨਾ਼ਲ ਮਿ਼ਲ ਕੇ ਮੇਰੇ ਕੇਸ ਦੀ ਪੈਰਵੀ ਕਰ ਰਹੇ ਸ੍ਰ. ਬਲਜੀਤ ਸਿੰਘ ਖ਼ਾਲਸਾ ਨੇ ਕੁਝ ਕਿਤਾਬਾਂ ਮੈਨੂੰ ਜੇਲ੍ਹ ਦੇ ਅੰਦਰ ਭੇਜ ਦਿੱਤੀਆਂ; ਇਹਨਾਂ ਵਿੱਚ ਇੱਕ ਕਿਤਾਬ ਗ਼ਦਰੀ ਬਾਬਾ ਵਿਸਾਖਾ ਸਿੰਘ ਦੀ ਜੀਵਨੀ ਬਾਰੇ ਸੀ।

ਬਾਬਾ ਵਿਸਾਖਾ ਸਿੰਘ ਜੀ ਦੀ ਜੀਵਨੀ ਬਾਰੇ ਕਿਤਾਬ ਮੈਂ ਜਿਓਂ ਹੀ ਪੜ੍ਹਨੀ ਅਰੰਭ ਕੀਤੀ, ਮੈਨੂੰ ਇਓਂ ਜਾਪਿਆ ਕਿ ਜਿਵੇਂ ਮੈਨੂੰ ਮੇਰੇ ਮਿਸ਼ਨ ਦੇ ਸੰਬੰਧੀ ਸਿੱਖਿਆ ਦਿੱਤੀ ਜਾ ਰਹੀ ਹੈ। ਮੈਂ ਵੀ ਪਹਿਲਾਂ ਤਿੰਨ ਕੁ ਸਾਲ ਹਥਿਆਰਬੰਦ ਜਥੇ ਨਾ਼ਲ ਸੇਵਾ ਕਰਨ ਤੇ 4 ਸਾਲ ਜੇਲ੍ਹ ਕੱਟਣ ਮਗਰੋਂ ਸ਼ਹੀਦ ਸਿੰਘਾਂ ਦੇ ਬੱਚਿਆਂ ਦੀ ਸਾਂਭ ਸੰਭਾ਼ਲ ਅਤੇ ਪੜ੍ਹਾਈ ਦਾ ਮਿਸ਼ਨ ਸੰਨ 1996 ਤੋਂ ਅਰੰਭ ਕੀਤਾ ਸੀ, ਬਿਲਕੁਲ ਉਸੇ ਹੀ ਮਿਸ਼ਨ ਦੇ ਪੂਰਨੇ ਬਾਬਾ ਵਿਸਾਖਾ ਸਿੰਘ ਜੀ ਵੀ ਪਹਿਲਾਂ ਹੀ ਪਾ ਗਏ ਸਨ। ਮੈਨੂੰ ਜਾਪਿਆ, ਜਿਵੇਂ ਬਾਬਾ ਵਿਸਾਖਾ ਸਿੰਘ ਜੀ ਨੇ ਮੈਨੂੰ ਮੇਰੀ ਸੇਵਾ ਦੇ ਲਈ ਉਂਗ਼ਲੀ ਫੜ ਕੇ ਉਹ ਰਾਹ ਵਿਖਾ ਦਿੱਤਾ ਹੋਵੇ, ਜਿਹੜਾ ਉਹਨਾਂ ਨੇ ਕਰੜੀ ਘਾਲਨਾ ਦੇ ਨਾ਼ਲ ਸਿਰਜਿਆ ਸੀ।

ਗ਼ਦਰੀ ਬਾਬਾ ਵਿਸਾਖਾ ਸਿੰਘ ਜੀ ਨੇ ਆਪਣਾ ਅਮਰੀਕਾ ਵਿੱਚ ਚੰਗਾ ਕਾਰੋਬਾਰ ਛੱਡ ਕੇ ਗ਼ਦਰ ਮਚਾਉਣ ਲਈ 1915 ਦੀ ਸੰਸਾਰ ਜੰਗ ਵੇ਼ਲੇ ਭਾਰਤ ਵੱਲ ਚਾਲੇ ਪਾਏ ਤਾਂ ਕਿ ਪੰਜਾਬ 'ਚ ਗ਼ਦਰ ਮਚਾ ਕੇ ਭਾਰਤ ਨੂੰ ਅਜ਼ਾਦ ਕਰਵਾਇਆ ਜਾਵੇ, ਪਰ ਸੈਂਕੜੇ ਹੋਰ ਗ਼ਦਰੀਆਂ ਦੇ ਨਾ਼ਲ ਗ੍ਰਿਫ਼ਤਾਰ ਕਰ ਲਏ ਗਏ, ਤਸੀਹੇ ਝੱਲੇ, ਕਾ਼ਲੇ ਪਾਣੀ ਦੀ ਜੇਲ੍ਹ 'ਚ ਔਖੇ ਕਸ਼ਟ ਸਹੇ ਤੇ ਫਿਰ ਜੇਲ੍ਹ ਵਿੱਚੋਂ ਰਿਹਾਈ ਹੋਣ ਤੋਂ ਬਾਅਦ ਸ਼ਹੀਦ ਹੋਏ ਜਾਂ ਜੇਲ੍ਹਾਂ 'ਚ ਬੰਦ ਕੌਮੀ ਪਰਵਾਨਿਆਂ ਦੇ ਪਰਿਵਾਰਾਂ ਦੀ ਸਾਂਭ ਸੰਭਾ਼ਲ ਦੀ ਜ਼ਿੰਮੇਵਾਰੀ ਚੁੱਕ ਲਈ। ਉਹਨਾਂ ਦੀ ਵਿਰਾਸਤ ਨੂੰ ਯਾਦਗਾਰ ਵਜੋਂ ਸੰਭਾ਼ਲਣ ਲਈ 'ਦੇਸ਼ ਭਗਤ ਯਾਦਗਾਰੀ ਹਾਲ' ਦੀ ਉਸਾਰੀ ਅਰੰਭੀ।

ਕੌਮੀ ਪਰਵਾਨਿਆਂ ਦੇ ਪਰਿਵਾਰਾਂ ਦੀ ਸਾਂਭ ਸੰਭਾ਼ਲ ਹਿਤ ਉੱਦਮ ਕਰਦਿਆਂ ਬਾਬਾ ਵਿਸਾਖਾ ਸਿੰਘ ਜੀ ਨੂੰ ਜਿਸ ਤਰ੍ਹਾਂ ਦੀਆਂ ਔਕੜਾਂ ਪੇਸ਼ ਆਈਆਂ, ਮੈਨੂੰ ਮੇਰੀਆਂ ਔਕੜਾਂ ਨਿੱਕੀਆਂ ਲੱਗਣ ਲੱਗ ਪਈਆਂ। ਇੱਕ ਵਾਰ ਤਾਂ ਉਗਰਾਹੀ ਤੇ ਗਏ ਬਾਬਾ ਵਿਸਾਖਾ ਸਿੰਘ ਜੀ ਨੂੰ ਪਿੰਡ ਵਾਲਿਆਂ ਫੜ ਕੇ ਬਿਠਾ ਲਿਆ ਤੇ ਇਨਕੁਆਰੀ ਕਰਨ ਲਈ ਬੰਦੇ ਭੇਜੇ ਕਿ ਇਹ ਸ਼ਖ਼ਸ ਸੱਚਮੁੱਚ ਹੀ ਅਜ਼ਾਦੀ ਘੁਲਾਟੀਏ ਸਿੰਘਾਂ ਦੇ ਪਰਿਵਾਰਾਂ ਦੀ ਸੇਵਾ ਸੰਭਾ਼ਲ ਦਾ ਕੰਮ ਕਰ ਰਿਹਾ ਹੈ ਜਾਂ ਨਹੀਂ ? ਇਨਕੁਆਰੀ ਵਿੱਚ ਇਹ ਪਤਾ ਲੱਗਣ ਤੇ ਕਿ ਇਹ ਸਿੰਘ ਸੱਚਮੁੱਚ ਹੀ

ਪੰਥਕ ਸੇਵਾਦਾਰ ਹੀ ਹੈ, ਫਿਰ ਬਾਬਾ ਜੀ ਨੂੰ ਛੱਡਿਆ ਗਿਆ ਤੇ ਮਾਫ਼ੀ ਮੰਗ ਕੇ ਉਗਰਾਹੀ ਦਿੱਤੀ ਗਈ, ਇਸ ਤਰ੍ਹਾਂ ਦੀਆਂ ਗੱਲਾਂ ਵੀ ਬਾਬਾ ਵਿਸਾਖਾ ਸਿੰਘ ਜੀ ਦਾ ਹੌਸਲਾ ਨਾ ਤੋੜ ਸਕੀਆਂ।

ਬਾਬਾ ਵਿਸਾਖਾ ਸਿੰਘ ਜੀ ਦੇ ਬੰਦਗੀ ਅਸਥਾਨ 'ਤੇ

ਮੈਂ ਕੋਸ਼ਿਸ਼ ਕੀਤੀ ਕਿ ਇਹ ਕਿਤਾਬ ਪੜ੍ਹਦੇ ਹੋਏ ਮੈਂ ਅੱਖਾਂ 'ਚੋਂ ਕੋਈ ਹੰਝੂ ਨਹੀਂ ਡਿੱਗਣ ਦੇਣਾ, ਪਰ ਹੰਝੂ ਆ ਹੀ ਜਾਂਦੇ, ਜੋ ਮੈਂ ਅੰਦਰੇ ਅੰਦਰ ਹੀ ਜਜ਼ਬ ਕਰ ਜਾਂਦੀ ਤੇ ਬਾਹਰ ਨਾ ਡਿੱਗਣ ਦਿੰਦੀ। ਸੱਚਮੁੱਚ ਬਾਬਾ ਵਿਸਾਖਾ ਸਿੰਘ ਜੀ ਦੀ ਸੰਘਰਸ਼ ਕਹਾਣੀ ਨੇ ਮੇਰੇ ਦਿਲ ਅੰਦਰ ਇੱਕ ਨਵਾਂ ਉਤਸ਼ਾਹ ਭਰਿਆ। ਹੁਣ ਜਦੋਂ ਸ੍ਰ. ਬਲਜੀਤ ਸਿੰਘ ਖ਼ਾਲਸਾ ਹੁਰਾਂ ਨੇ ਇਹ ਮਹਾਨ ਸ਼ਖ਼ਸੀਅਤ ਦੀ ਸੰਘਰਸ਼ ਕਹਾਣੀ ਨੂੰ ਕੁੱਜੇ 'ਚ ਸਮੁੰਦਰ ਵਾਂਗ ਲਿਖ ਕੇ ਇੱਕ ਨਿੱਕੇ ਕਿਤਾਬਚੇ ਦੇ ਰੂਪ 'ਚ ਛਾਪਣ ਦਾ ਉੱਦਮ ਕੀਤਾ ਹੈ ਤਾਂ ਮੈਨੂੰ ਇਸ ਦੀ ਬਹੁਤ ਖ਼ੁਸ਼ੀ ਹੋਈ ਹੈ। ਸੱਚਮੁੱਚ ਇਹ 'ਅਜ਼ਾਦ ਖ਼ਾਲਸਾ ਪ੍ਰਕਾਸ਼ਨ' ਦਾ ਸਿੱਖ ਕੌਮ ਨੂੰ ਵਡਮੁੱਲਾ ਜਾਂ ਕਹਿ ਲਵਾਂ ਅਣਮੁੱਲਾ ਤੋਹਫ਼ਾ ਹੈ।

ਸੰਦੀਪ ਕੌਰ

ਭਾਈ ਧਰਮ ਸਿੰਘ ਖ਼ਾਲਸਾ ਚੈਰੀਟੇਬਲ ਟਰੱਸਟ

'ਸੁਲਤਾਨਵਿੰਡ, ਸ੍ਰੀ ਅੰਮਿਤਸਰ।

98558-03391

ਇੱਕ ਬਾਗ਼ੀ ਦੀ ਸੰਘਰਸ਼ ਗਾਥਾ

ਗ਼ਦਰੀ ਬਾਬਾ ਵਿਸਾਖਾ ਸਿੰਘ ਜੀ

ਭਾਗ ਪਹਿਲਾ

ਦਦੇਹਰ ਤੋਂ ਕੈਲੇਫੋਰਨੀਆਂ ਤਕ

ਗੁਰਮਤਿ ਵਿਚਾਰਧਾਰਾ ਕੇਵਲ ਇੱਕ ਸਫਲ ਇਨਕਲਾਬ ਦੀ ਜਨਮਦਾਤਾ ਹੀ ਨਹੀਂ ਬਲਕਿ ਇਨਕਲਾਬਾਂ ਦਾ ਸੋਮਾ ਹੈ। ਇਹੀ ਵਿਚਾਰਧਾਰਾ ਹੈ, ਜਿਸ ਨੇ ਆਪਣੇ ਆਪ ਨੂੰ 'ਬਹਾਦਰ' ਅਖਵਾਉਣ ਵਾਲ਼ੇ ਜਾਬਰਾਂ ਜਾਂ ਨਿਰੋਲ 'ਸੰਤ' ਅਖਵਾਉਣ ਵਾਲ਼ੇ ਅਧੂਰੇ ਧਰਮੀਆਂ ਨੂੰ ਉਹਨਾਂ ਦੇ ਅਧੂਰੇਪਣ ਦਾ ਅਹਿਸਾਸ ਕਰਵਾਇਆ। ਇਸ ਅਹਿਸਾਸ ਨਾਲ਼ ਸਰਸ਼ਾਰ ਹੋ ਕੇ ਜਦੋਂ ਇਹ ਅਧੂਰੇ ਮਨੁੱਖ ਗੁਰਮਤਿ ਵਿਚਾਰਧਾਰਾ ਦੀ ਸੇਧ ਵਿੱਚ ਤੁਰ ਕੇ ਪੂਰਨ-ਮਨੁੱਖ ਦੀ ਪਦਵੀ ਤੇ ਪੁੱਜੇ ਤਾਂ ਓਦੋਂ ਤਕ ਉਹ 'ਸੰਤ-ਸਿਪਾਹੀ' ਬਣ ਚੁੱਕੇ ਸਨ, ਜਿਨ੍ਹਾਂ ਨੇ ਬੜਾ ਜ਼ਬਰਦਸਤ ਲੋਕ-ਪੱਖੀ ਇਨਕਲਾਬ ਲਿਆਂਦਾ।


ਬਾਬਾ ਵਿਸਾਖਾ ਸਿੰਘ ਜੀ

ਇੱਕ ਸਫਲ ਇਨਕਲਾਬ ਉਪਰੰਤ ਬੇਸ਼ੱਕ ਇਸ ਇਨਕਲਾਬੀ ਕਾਫ਼ਲੇ ਦਾ ਤੇਜ ਮੱਧਮ ਪੈ ਗਿਆ ਹੈ, ਪਰ ਗੁਰਮਤਿ ਵਿਚਾਰਧਾਰਾ ਦੀ ਹੋਂਦ ਨੇ ਓਦੋਂ ਤੋਂ ਲੈ ਕੇ ਅੱਜ ਤਕ ਕਦੀ ਇਨਕਲਾਬੀ ਸੂਰਮਿਆਂ ਦੀ ਅਣਹੋਂਦ ਪੈਦਾ ਨਹੀਂ ਹੋਣ ਦਿੱਤੀ। ਬਾਬਾ ਵਿਸਾਖਾ ਸਿੰਘ ਵੀ ਇੱਕ ਅਜਿਹਾ ਹੀ ਇਨਕਲਾਬੀ ਸੂਰਮਾ ਸੀ ਜੋ ਗੁਰਮਤਿ ਵਿਚਾਰਧਾਰਾ ਦਾ ਤੇਜ ਆਪਣੀ ਛਾਤੀ ਵਿੱਚ ਲੈ ਕੇ ਸਾਰੀ ਜ਼ਿੰਦਗੀ ਹੀ ਜ਼ੁਲਮ-ਜਬਰ, ਲੁੱਟ-ਖਸੁੱਟ, ਬੇਇਨਸਾਫ਼ੀ ਅਤੇ ਗ਼ੁਲਾਮੀ ਵਿਰੁੱਧ ਜੂਝਦਾ ਰਿਹਾ। ਕਿਸੇ ਵੀ ਇਨਕਲਾਬੀ ਲਹਿਰ ਦੇ ਸੰਚਾਲਕਾਂ ਲਈ ਬਾਬਾ ਵਿਸਾਖਾ ਸਿੰਘ ਦਾ ਜੀਵਨ ਇੱਕ ਚਾਨਣ-ਮੁਨਾਰਾ ਹੈ। ਆਓ, ਅਸੀਂ ਵੀ ਇਸ ਚਾਨਣ ਮੁਨਾਰੇ ਤੋਂ ਕੁਝ ਸੇਧ ਲਈਏ।

ਜਨਮ

ਆਪ ਜੀ ਦਾ ਜਨਮ ਅਜੋਕੇ ਤਰਨਤਾਰਨ ਜ਼ਿਲ੍ਹੇ ਅਧੀਨ ਪੈਂਦੇ ਪਿੰਡ ਦਦੇਹਰ ਵਿਖੇ ਸ੍ਰ. ਦਿਆਲ ਸਿੰਘ ਦੇ ਘਰ, ਮਾਤਾ ਇੰਦ ਕੌਰ ਦੀ ਕੁੱਖੋਂ ਸੰਨ 1877 ਈ. ਦੇ ਵਿਸਾਖੀ ਵਾਲ਼ੇ ਦਿਨ ਹੋਇਆ। ਵਿਸਾਖੀ ਦੇ ਦਿਨ ਜਨਮ ਹੋਣ ਕਰ ਕੇ ਆਪ ਦਾ ਨਾਂ ਵਿਸਾਖਾ ਸਿੰਘ ਰੱਖਿਆ ਗਿਆ। ਇਹਨਾਂ ਦਾ ਖ਼ਾਨਦਾਨ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਅੰਮ੍ਰਿਤਧਾਰੀ ਹੋ ਕੇ



ਬਾਬਾ ਵਿਸਾਖਾ ਸਿੰਘ ਜੀ ਦੇ ਜਨਮ ਅਸਥਾਨ 'ਤੇ ਸੁਸ਼ੋਭਿਤ ਗੁਰਦੁਆਰਾ ਸਾਹਿਬ

ਪੰਥਕ ਲਹਿਰ ਨਾਲ਼ ਜੁੜਿਆ ਆਉਂਦਾ ਸੀ। ਪੰਥ ਤੇ ਵਰਤਿਆ ਕੋਈ ਵੀ ਸਾਕਾ ਜਾਂ ਘਲੂਘਾਰਾ ਅਜਿਹਾ ਨਹੀਂ ਜਿਸ ਵਿੱਚ ਇਹ ਖ਼ਾਨਦਾਨ ਲਾਂਭੇ ਰਿਹਾ ਹੋਵੇ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੀ ਇਸ ਖ਼ਾਨਦਾਨ ਦੇ ਪੁਰਖਿਆਂ ਨੇ ਨੌਸ਼ਹਿਰੇ ਤੋਂ ਲੈ ਕੇ ਜ਼ਮਰੌਦ ਤਕ ਦੇ ਮੈਦਾਨਾਂ ਵਿੱਚ ਗੂੰਜਦੇ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਵਿੱਚ ਆਪਣੀ ਗਰਜ ਦੀ ਹਾਜ਼ਰੀ ਲੁਆਈ। ਪਿੰਡ ਵਿੱਚ ਇਹ ਖ਼ਾਨਦਾਨ ਫ਼ੌਜੀਆਂ ਦਾ ਖ਼ਾਨਦਾਨ ਮੰਨਿਆ ਜਾਣ ਲੱਗ ਪਿਆ ਸੀ।

ਮੁੱਢਲਾ ਜੀਵਨ

ਵਿਸਾਖਾ ਸਿੰਘ ਬਚਪਨ ਤੋਂ ਹੀ ਸ਼ਾਂਤ ਸੁਭਾਅ ਦੇ ਮਾਲਕ ਸੀ। ਆਮ ਬੱਚਿਆਂ ਵਾਲ਼ੀ ਚੰਚਲਤਾ ਉਸ ਵਿੱਚ ਨਹੀਂ ਸੀ ਦਿਸਦੀ। ਇਸ ਦੇ ਨਾਲ਼ ਹੀ ਆਪ ਉੱਪਰ ਆਪਣੇ ਤਾਏ ਭਾਈ ਖੁਸ਼ਹਾਲ ਸਿੰਘ ਦਾ ਪ੍ਰਭਾਵ ਪੈ ਗਿਆ। ਖੁਸ਼ਹਾਲ ਸਿੰਘ ਗੁਰਮਤਿ ਦਾ ਖੋਜੀ ਅਥਵਾ ਵਿਦਵਾਨ ਮੰਨੇ ਜਾਂਦੇ ਸਨ। ਉਹ ਫ਼ੌਜ ਦੀ ਨੌਕਰੀ ਤੋਂ ਅਸਤੀਫ਼ਾ ਦੇਣ ਉਪਰੰਤ ਡੰਗਰਾਂ ਦੀ ਸਾਂਭ-ਸੰਭਾਲ਼ ਕਰਦੇ ਹੋਏ ਨਾਮ-ਸਿਮਰਨ ਵਿੱਚ ਜੁੜੇ ਰਹਿੰਦੇ ਸੀ। ਗੁਰਮੁਖ ਤਾਏ ਦੀ ਸੰਗਤ ਵਿੱਚ ਬਾਲਕ ਵਿਸਾਖਾ ਸਿੰਘ ਗੁਰਬਾਣੀ ਨਾਲ਼ ਜੁੜ ਗਏ। ਸਰੀਰ ਦੀ ਮਜ਼ਬੂਤੀ ਲਈ ਕਸਰਤ ਅਤੇ ਆਤਮਕ ਮਜ਼ਬੂਤੀ ਲਈ ਸਿਮਰਨ, ਵਿਸਾਖਾ ਸਿੰਘ ਦੀ ਨਿੱਤ ਦੀ ਕਾਰ ਬਣ ਗਏ। 12 ਸਾਲ ਦੀ ਉਮਰ ਵਿੱਚ ਹੀ ਵਿਸਾਖਾ ਸਿੰਘ ਅੰਮ੍ਰਿਤ ਛਕ ਕੇ ਰਹਿਤ ਮਰਯਾਦਾ ਦੇ ਧਾਰਨੀ ਹੋ ਗਏ।

ਵਿਆਹ

ਜਵਾਨੀ ਵਿੱਚ ਪੈਰ ਰੱਖਦੇ ਹੀ ਵਿਸਾਖਾ ਸਿੰਘ ਦਾ ਅਨੰਦ ਕਾਰਜ ਬੀਬੀ ਰਾਮ ਕੌਰ, ਸਪੁੱਤਰੀ ਸ੍ਰ. ਕਾਲ਼ਾ ਸਿੰਘ, ਪਿੰਡ ਲੁਹਾਰਾ (ਫ਼ਰੀਦਕੋਟ) ਨਾਲ਼ ਪੂਰਨ ਗੁਰਮਰਯਾਦਾ ਅਨੁਸਾਰ ਹੋਇਆ। ਆਪ ਦੀ ਜੀਵਨ-ਸਾਥਣ ਸੁਭਾਅ ਦੀ ਬੜੀ ਸੁਸ਼ੀਲ, ਸੁਘੜ, ਧੀਰਜਵਾਨ ਅਤੇ ਗੁਰਮਤਿ ਦੀ ਧਾਰਨੀ ਸੀ। ਪਰ ਇਹ ਨੇਕ ਰੂਹ ਵਿਸਾਖਾ ਸਿੰਘ ਨਾਲ਼ ਜੀਵਨ ਸਫ਼ਰ ਦੀਆਂ ਬਹੁਤੀਆਂ ਵਾਟਾਂ ਤੈਅ ਨਾ ਕਰ ਸਕੀ ਤੇ ਵਿਆਹ ਤੋਂ ਚਾਰ ਕੁ ਸਾਲ ਬਾਅਦ ਹੀ ਅਕਾਲ ਪੁਰਖ ਦੀ ਰਜ਼ਾ ਅਨੁਸਾਰ ਅਕਾਲ ਚਲਾਣਾ ਕਰ ਗਈ। ਵਿਸਾਖਾ ਸਿੰਘ ਓਦੋਂ ਤਕ ਫ਼ੌਜ ਵਿੱਚ ਭਰਤੀ ਹੋ ਚੁੱਕੇ ਸੀ। ਇਸ ਤੋਂ ਥੋੜ੍ਹਾ ਚਿਰ ਪਿੱਛੋਂ ਆਪ ਨੂੰ ਕਈ ਹੋਰ ਰਿਸ਼ਤੇ ਆਉਣ ਲੱਗੇ, ਪਰ ਆਪ

ਨੇ ਹੋਰ ਵਿਆਹ ਕਰਵਾਉਣਾ ਪ੍ਰਵਾਨ ਨਾ ਕੀਤਾ ਅਤੇ ਸਾਰੀ ਉਮਰ ਇਸੇ ਨਿਸ਼ਚੇ ਤੇ ਅਟੱਲ ਰਹੇ।

ਫ਼ੌਜ ਵਿੱਚ

ਭਾਵੇਂ ਕਿ ਉਹਨੀਂ ਦਿਨੀਂ ਪਿੰਡਾਂ ਵਿੱਚ ਆਮ ਹੀ ਪੜ੍ਹਾਈ ਦਾ ਅਰਥ ਕੇਵਲ ਕੁਝ ਅੱਖਰ ਗਿਆਨ ਹੀ ਮੰਨਿਆ ਜਾਂਦਾ ਸੀ ਅਤੇ ਵਿਸਾਖਾ ਸਿੰਘ ਵੀ ਗੁਰਦੁਆਰੇ ਵਿੱਚੋਂ ਹੀ ਥੋੜ੍ਹਾ-ਬਹੁਤ ਪੜ੍ਹੇ ਸੀ, ਪਰ ਓਦੋਂ ਫ਼ੌਜ ਵਿੱਚ ਭਰਤੀ ਲਈ ਯੋਗਤਾ ਡਿਗਰੀਆਂ ਨਹੀਂ ਸਨ ਹੁੰਦੀਆਂ, ਬਲਕਿ ਇੱਕ ਮਾਰਸ਼ਲ ਕੌਮ ਨਾਲ਼ ਸੰਬੰਧਿਤ ਹੋਣਾ ਅਤੇ ਚੰਗਾ ਕੱਦ-ਕਾਠ ਹੀ ਯੋਗਤਾ ਹੁੰਦੀ ਸੀ। ਵਿਸਾਖਾ ਸਿੰਘ ਇਸ ਯੋਗਤਾ ਵਿੱਚ ਕਿਸੇ ਪੱਖੋਂ ਵੀ ਘੱਟ ਨਹੀਂ ਸਨ, ਸੋ ਸੰਨ 1896 ਵਿੱਚ ਜਿਹਲਮ ਛਾਉਣੀ ਵਿੱਚ ਜਾ ਕੇ ਭਰਤੀ ਹੋ ਗਏ। ਫ਼ੌਜ ਵਿੱਚ ਆਪ ਨੇ ਅੰਮ੍ਰਿਤ ਵੇਲ਼ੇ ਉੱਠ ਕੇ ਨਿੱਤਨੇਮ ਅਤੇ ਨਾਮ-ਸਿਮਰਨ ਦੀ ਕਾਰ ਜਾਰੀ ਰੱਖੀ।

ਇਸ ਤੋਂ ਇਲਾਵਾ ਫ਼ੌਜ ਵਿੱਚ ਸਮੇਂ-ਸਮੇਂ ਹੋਣ ਵਾਲ਼ੇ ਮੁਕਾਬਲਿਆਂ ਵਿੱਚ ਤਨਦੇਹੀ ਨਾਲ਼ ਹਿੱਸਾ ਲੈਂਦੇ ਰਹਿਣਾ ਹੀ ਨਹੀਂ, ਸਗੋਂ ਹਰ ਵਾਰ ਕਰੜੇ ਮੁਕਾਬਲੇ ਵਿੱਚੋਂ ਲੰਘ ਕੇ ਪਹਿਲਾ ਇਨਾਮ ਜਿੱਤਣਾ ਵਿਸਾਖਾ ਸਿੰਘ ਦਾ ਨਿਸ਼ਾਨਾ ਹੁੰਦਾ ਸੀ, ਜਿਸ ਵਿੱਚ ਛੇਤੀ ਕੀਤੇ ਕਦੀ ਉਹ ਅਸਫਲ ਨਹੀਂ ਹੋਏ। ਘੋੜ-ਸਵਾਰੀ, ਨਿਸ਼ਾਨੇਬਾਜ਼ੀ, ਗੋਲ਼ਾ ਸੁੱਟਣਾ ਅਤੇ ਲੰਮੀ ਛਾਲ਼ ਦੇ ਮੁਕਾਬਲਿਆਂ ਵਿੱਚ ਪਹਿਲਾ ਇਨਾਮ ਹਾਸਲ ਕਰਦੇ ਅਤੇ ਇਨਾਮ ਵਿੱਚ ਪ੍ਰਾਪਤ ਹੋਈ ਰਕਮ ਨੂੰ ਗੁਰਮਤਿ ਅਨੁਸਾਰ ਲੇਖੇ ਲਾ ਦਿੰਦੇ। ਬੰਦੂਕ ਦੇ ਨਿਸ਼ਾਨੇ ਦਾ ਇੱਕ ਮੁਕਾਬਲਾ ਬਹੁਤ ਰੋਚਿਕ ਸੀ, ਜਿਸ ਵਿੱਚ (ਬਾਬਾ) ਵਿਸਾਖਾ ਸਿੰਘ ਅਤੇ ਇੱਕ ਅੰਗਰੇਜ਼ ਅਫ਼ਸਰ ਫ਼ਾਈਨਲ ਵਿੱਚ ਪਹੁੰਚੇ। ਬੜਾ ਰੋਮਾਂਚਿਕ ਮੁਕਾਬਲਾ ਹੋਇਆ, ਤਾੜੀਆਂ ਦੀ ਗੜਗੜਾਹਟ ਵਿੱਚ ਆਪ ਨੇ ਅੰਗਰੇਜ਼ ਅਫ਼ਸਰ ਨੂੰ ਹਰਾ ਕੇ ਉਹ ਮੁਕਾਬਲਾ ਜਿੱਤਿਆ। ਆਪ ਆਪਣੇ ਸਾਥੀਆਂ ਨੂੰ ਦਰਬਾਰ ਸਾਹਿਬ ਲੈ ਕੇ ਆਉਂਦੇ ਅਤੇ ਇਸ ਲਈ ਅੰਮ੍ਰਿਤਸਰ ਆਉਣ-ਜਾਣ ਦਾ ਕਿਰਾਇਆ ਸਗੋਂ ਆਪਣੀ ਜੇਬ ਵਿੱਚੋਂ ਖ਼ਰਚ ਕਰਦੇ। ਫ਼ੌਜ ਵਿੱਚ ਆਪ ਦੇ ਧਾਰਮਕ ਜੀਵਨ ਤੋਂ ਪ੍ਰਭਾਵਿਤ ਹੋ ਕੇ ਆਪ ਦੇ ਕਈ ਸਾਥੀ ਵੀ ਗੁਰਮਤਿ ਵੱਲ ਆਕਰਸ਼ਿਤ ਹੋਏ ਜਿਨ੍ਹਾਂ ਵਿੱਚੋਂ ਦੋ ਬਾਅਦ ਵਿੱਚ ਬਾਬਾ ਭਗਵਾਨ ਸਿੰਘ ਮੱਲ੍ਹਾ ਅਤੇ ਬਾਬਾ ਅਰਜਨ ਸਿੰਘ ਭੁਸਿਆਂ ਵਾਲ਼ੇ ਦੇ ਨਾਂ ਨਾਲ਼ ਪ੍ਰਸਿੱਧ ਹੋਏ। ਆਪ ਨੇ ਫ਼ੌਜ ਵਿੱਚ ਵੀ ਸਾਥੀਆਂ ਨੂੰ ਰੰਗਾਂ ਦੀ ਹੋਲੀ ਦੀ ਬਜਾਏ ਬੀਰ ਰਸੀ ਹੋਲੇ ਦੇ ਨਾਲ਼ ਜੋੜਿਆ। ਆਪ ਦੇ ਰਸਾਲੇ ਨੂੰ ਕਸ਼ਮੀਰ ਭੇਜੇ ਜਾਣ ਸਮੇਂ ਬਾਬਾ ਵਿਸਾਖਾ ਸਿੰਘ ਦੀ ਤਜ਼ਵੀਜ਼

ਤੇ ਅਖੰਡ ਪਾਠ ਸਾਹਿਬ ਰੱਖਿਆ ਗਿਆ, ਜਿਸ ਨੂੰ ਬਾਬਾ ਜੀ ਨੇ ਇੱਕ ਚੌਕੜੇ 'ਚ ਬੈਠ ਕੇ ਸ੍ਰਵਣ ਕੀਤਾ।

ਸ੍ਰ. ਅਜੀਤ ਸਿੰਘ (ਪਗੜੀ ਸੰਭਾਲ ਜੱਟਾ ਲਹਿਰ)

ਕੌਮੀ ਅਜ਼ਾਦੀ ਵੱਲ

ਅੰਗਰੇਜ਼ ਸਰਕਾਰ ਉੱਨਤੀ ਦੀ ਆੜ ਹੇਠ ਜਿਸ ਤਰ੍ਹਾਂ ਦੇਸ਼ ਨੂੰ ਪੁਚਕਾਰ ਕੇ ਲੁੱਟ ਰਹੀ ਸੀ, ਉਸ ਨੇ ਛੇਤੀ ਹੀ ਦੇਸ਼-ਵਾਸੀਆਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ। ਪੰਜਾਬ ਦੀ ਕਿਸਾਨੀ ਨੂੰ ਜਦੋਂ ਆਪਣੀ ਤਬਾਹੀ ਸਾਮ੍ਹਣੇ ਦਿਸਣ ਲੱਗੀ ਤਾਂ ਅੰਗਰੇਜ਼ਾਂ ਖ਼ਿਲਾਫ਼ ਰੋਹ ਭੜਕ ਉੱਠਿਆ। ਜੋਸ਼ੀਲੇ ਨੌਜਵਾਨਾਂ ਨੇ ਇਸ ਰੋਹ ਦੀ ਅੱਗ ਨਾ.ਲ ਅੰਗਰੇਜ਼ ਸਲਤਨਤ ਦੇ ਤਖ਼ਤ ਹੇਠ ਅੱਗ ਦੇ ਭਾਂਬੜ ਮਚਾਉਣ ਲਈ ਮੈਦਾਨ ਸੰਭਾ.ਲ ਲਿਆ। ਪੰਜਾਬ ਦੀ ਫ਼ਿਜ਼ਾ ਵਿੱਚ ਜਦ 'ਪਗੜੀ ਸੰਭਾ.ਲ ਜੱਟਾ, ਪਗੜੀ ਸੰਭਾ.ਲ ਓਇ' ਦੇ ਤਰਾਨਿਆਂ ਨੇ ਲੋਕ ਮਾਨਸਿਕਤਾ ਵਿੱਚੋਂ 'ਅੰਗਰੇਜ਼ ਭਗਤੀ' ਦਾ ਗੰਦ ਧੋ ਕੇ ਉਸ ਨੂੰ 'ਕੌਮਪ੍ਰਸਤੀ' ਦੇ ਰੰਗ ਵਿੱਚ ਰੰਗਣਾ ਸ਼ੁਰੂ ਕੀਤਾ ਤਾਂ ਪਹਿਲਾਂ ਹੀ ਗੁਰਮਤਿ ਵਿਚਾਰਧਾਰਾ ਦੇ ਰੰਗ ਵਿੱਚ ਰੰਗੇ ਵਿਸਾਖਾ ਸਿੰਘ ਮੂਕ ਦਰਸ਼ਕ ਬਣ ਕੇ ਕਿਵੇਂ ਬੈਠੇ ਰਹਿੰਦੇ ? ਆਪ ਨੇ ਆਪਣੇ ਸਾਥੀ ਫ਼ੌਜੀਆਂ ਵਿੱਚ ਅੰਗਰੇਜ਼ ਹਕੂਮਤ ਵਿਰੁੱਧ ਪ੍ਰਚਾਰ ਅਰੰਭ ਦਿੱਤਾ। ਇਹ ਸੋਆਂ ਵੱਡੇ ਅਫ਼ਸਰਾਂ ਤਕ ਜਾ ਪੁੱਜੀਆਂ ਤੇ ਆਪ ਦੀ ਨਿਗਰਾਨੀ ਅਰੰਭ ਹੋ ਗਈ।

21 ਅਪ੍ਰੈਲ 1907 ਨੂੰ ਗੰਜ ਮੰਡੀ, ਰਾਵਲਪਿੰਡੀ ਵਿੱਚ ਅਜ਼ਾਦੀ ਪਸੰਦਾਂ ਨੇ ਜਲਸਾ ਕੀਤਾ। ਵਿਸਾਖਾ ਸਿੰਘ ਵੀ ਚੋਰੀ-ਛਿਪੇ ਜਲਸੇ ਵਿੱਚ ਜਾ ਸ਼ਾਮਲ ਹੋਏ। ਇਸ ਜਲਸੇ ਵਿੱਚ ਸ੍ਰ. ਅਜੀਤ ਸਿੰਘ (ਭਗਤ ਸਿੰਘ ਦੇ ਚਾਚਾ) ਦੀ ਜੋਸ਼ੀਲੀ ਤਕਰੀਰ ਦਾ ਆਪ ਉੱਪਰ ਬਹੁਤ ਪ੍ਰਭਾਵ ਪਿਆ। ਉਸ ਦੇ ਭਾਸ਼ਣ ਉਪਰੰਤ ਜਦੋਂ ਪੰਡਾ.ਲ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾ.ਲ ਗੂੰਜਿਆਂ ਤਾਂ ਉਸ ਵਿੱਚ ਵਿਸਾਖਾ ਸਿੰਘ ਦੀ ਜੋਸ਼ ਭਰੀ ਅਵਾਜ਼ ਵੀ ਸ਼ਾਮਲ ਸੀ।

ਅਸਤੀ.ਫ਼ਾ

ਵਿਸਾਖਾ ਸਿੰਘ ਦੇ ਜਲਸੇ ਵਿੱਚ ਜਾਣ ਦੀ ਅ.ਫ਼ਸਰਾਂ ਨੂੰ ਸੂਹ ਮਿ.ਲ ਗਈ। ਅਗਲੇ ਦਿਨ ਕਮਾਨ ਅ.ਫ਼ਸਰ ਦੇ ਸਾਮ੍ਹਣੇ ਆਪ ਨੂੰ ਪੇਸ਼ੀ ਲਈ ਸੱਦਿਆ ਗਿਆ। ਆਪ ਨੇ ਕੋਈ ਸਪਸ਼ਟੀਕਰਨ ਦੇਣ ਦੀ ਬਜਾਏ ਖ਼ਰੀਆਂ-ਖ਼ਰੀਆਂ ਸੁਣਾਈਆਂ ਅਤੇ ਆਪਣਾ ਅਸਤੀ.ਫ਼ਾ ਕਮਾਨ ਅ.ਫ਼ਸਰ ਦੇ ਸਾਮ੍ਹਣੇ ਰੱਖ ਦਿੱਤਾ। ਰਸਾਲੇ ਦੇ ਸਾਰੇ ਅ.ਫ਼ਸਰ ਆਪ ਦੇ ਨੇਕ ਚਾਲ-ਚਲਣ ਤੋਂ ਬਹੁਤ ਪ੍ਰਭਾਵਿਤ ਸਨ। ਇਸ ਲਈ ਕਮਾਨ ਅ.ਫ਼ਸਰ ਨੇ ਆਪ ਵੀ ਅਤੇ ਦੂਜੇ ਅ.ਫ਼ਸਰਾਂ ਰਾਹੀਂ ਵੀ ਵਿਸਾਖਾ ਸਿੰਘ ਉੱਪਰ ਨੌਕਰੀ ਨਾ ਛੱਡਣ ਲਈ ਜ਼ੋਰ ਪਾਇਆ ਅਤੇ ਭਵਿੱਖ ਵਿੱਚ

ਛੇਤੀ ਹੀ ਹੋਣ ਵਾਲ਼ੀ ਤਰੱਕੀ ਦਾ ਵੀ ਚੇਤਾ ਕਰਵਾਇਆ, ਪਰ ਵਿਸਾਖਾ ਸਿੰਘ ਦਾ ਇਰਾਦਾ ਬਦਲਿਆ ਨਾ ਜਾ ਸਕਿਆ ਅਤੇ ਉਹ ਨੌਕਰੀ ਛੱਡ ਕੇ ਮਈ 1907 ਦੇ ਪਹਿਲੇ ਹਫ਼ਤੇ ਘਰ ਵਾਪਸ ਆ ਗਏ।

ਰੁਜ਼ਗਾਰ ਲਈ ਵਿਦੇਸ਼ਾਂ ਵੱਲ

ਪੰਜਾਬ ਦੀ ਆਰਥਿਕਤਾ ਡਾਵਾਂਡੋਲ਼ ਹੋ ਚੁੱਕੀ ਸੀ ਤੇ ਵਿਹਲੇ ਰਹਿ ਕੇ ਵੀ ਨਾ ਹੀ ਦਿਲ ਲੱਗਦਾ ਸੀ ਤੇ ਨਾ ਹੀ ਗੁਜ਼ਾਰਾ ਹੋ ਸਕਦਾ ਸੀ। ਵਾਹੀ-ਜੋਤੀ ਦਾ ਕੰਮ ਵਿਸਾਖਾ ਸਿੰਘ ਨੇ ਨਾ ਕਦੇ ਕੀਤਾ ਸੀ ਤੇ ਨਾ ਹੀ ਹੁਣ ਉਸ ਵਿੱਚੋਂ ਕੁਝ ਲਾਭ ਦਿਸਦਾ ਸੀ। ਇਹਨੀਂ ਦਿਨੀਂ ਪੰਜਾਬ ਦੇ ਕਈ ਗੱਭਰੂ ਰੁਜ਼ਗਾਰ ਲਈ ਵਿਦੇਸ਼ਾਂ ਵਿੱਚ ਜਾ ਚੁੱਕੇ ਸਨ ਅਤੇ ਚਿੱਠੀਆਂ ਪਾ ਕੇ ਹੋਰ ਸਾਥੀਆਂ ਨੂੰ ਵੀ ਬੁਲਾ ਰਹੇ ਸਨ। ਵਿਸਾਖਾ ਸਿੰਘ ਵੀ ਆਪਣੇ ਪਿੰਡ ਦੇ ਕਈ ਗੱਭਰੂਆਂ ਨਾਲ਼ ਕਲਕੱਤਾ, ਸਿੰਘਾਪੁਰ, ਹਾਂਗਕਾਂਗ ਤੇ ਸ਼ਿੰਘਾਈ, ਮਲਾਇਆ ਤੋਂ ਹੁੰਦੇ ਹੋਏ ਚੀਨ ਜਾ ਪੁੱਜੇ। ਬਾਬਾ ਵਿਸਾਖਾ ਸਿੰਘ ਦੇ ਨਾਲ਼ ਆਪ ਦਾ ਭਤੀਜਾ ਬਿਸ਼ਨ ਸਿੰਘ ਪਹਿਲਵਾਨ ਵੀ ਸੀ, ਪਰ ਬਿਸ਼ਨ ਸਿੰਘ ਨੂੰ ਆਪਣੇ ਪਿਤਾ ਸ੍ਰ. ਕੇਸਰ ਸਿੰਘ ਦੇ ਅਕਾਲ ਚਲਾਣੇ ਦੀ ਖ਼ਬਰ ਮਿਲ਼ੀ ਤਾਂ ਉਹ ਮਲਾਇਆ ਤੋਂ ਭਾਰਤ ਵਾਪਸ ਆ ਗਏ, ਪਰ ਬਾਬਾ ਵਿਸਾਖਾ ਸਿੰਘ ਓਥੋਂ ਹੀ ਚੀਨ ਚਲੇ ਗਏ। ਚੀਨ ਵਿੱਚ ਬਾਬਾ ਵਿਸਾਖਾ ਸਿੰਘ ਦੇ ਪਿੰਡ ਦਾ ਇੱਕ ਬੰਦਾ ਪੁਲੀਸ ਵਿੱਚ ਜਮਾਂਦਾਰ ਸੀ, ਉਸ ਨੇ ਵਿਸਾਖਾ ਸਿੰਘ ਨੂੰ ਪੁਲੀਸ ਵਿੱਚ ਭਰਤੀ ਕਰਵਾ ਦਿੱਤਾ।

ਪੁਲੀਸ ਦੀ ਨੌਕਰੀ ਵਿਸਾਖਾ ਸਿੰਘ ਨੇ ਲੋਕ-ਸੇਵਾ ਦੀ ਤਾਂਘ ਅਧੀਨ ਸ਼ੁਰੂ ਕੀਤੀ ਸੀ, ਪਰ ਥੋੜ੍ਹੇ ਸਮੇਂ ਵਿੱਚ ਹੀ ਪਤਾ ਲੱਗ ਗਿਆ ਕਿ ਇੱਥੇ ਲੋਕਾਂ ਦਾ ਸ਼ੋਸ਼ਣ ਕਰ ਕੇ ਉਸ ਵਿੱਚੋਂ ਹਿੱਸਾ ਉਤਲੇ ਅਫ਼ਸਰਾਂ ਨੂੰ ਦੇਣ ਵਾਲ਼ੇ ਹੀ ਚੰਗੇ ਸਮਝੇ ਜਾਂਦੇ ਹਨ ਤੇ ਬਾਕੀ ਘਟੀਆ, ਪਰ ਆਪ ਨੇ ਗੁਰੂ ਤੇ ਟੇਕ ਰੱਖ ਕੇ ਨੌਕਰੀ ਵਿੱਚ ਲੋਕ-ਸੇਵਾ ਨੂੰ ਹੀ ਮੁੱਖ ਰੱਖਿਆ। ਖਿਝ ਕੇ ਇੱਕ ਦਿਨ ਵੱਡੇ ਅਫ਼ਸਰ ਨੇ ਆਪ ਨੂੰ ਆਪਣੇ ਦਫ਼ਤਰ ਵਿੱਚ ਬੁਲਾਇਆ ਤੇ ਆਪਣਾ ਤੌਰ-ਤਰੀਕਾ ਨਾ ਬਦਲੇ ਜਾਣ ਦੀ ਸੂਰਤ ਵਿੱਚ ਪੇਟੀ ਲਾਹ ਲਏ ਜਾਣ ਦੀ ਧਮਕੀ ਦਿੱਤੀ। ਇਹ ਸੁਣਦਿਆਂ ਹੀ ਆਪ ਨੇ ਆਪਣੀ ਪੇਟੀ ਖੋਲ੍ਹ ਕੇ ਕਪਤਾਨ ਦੇ ਸਾਮ੍ਹਣੇ ਮੇਜ਼ ਉੱਤੇ ਰੱਖ ਦਿੱਤੀ ਤੇ 'ਧੰਨਵਾਦ' ਕਹਿ ਕੇ ਬਾਹਰ ਨਿਕਲ਼ ਆਏ। ਅਫ਼ਸਰ ਅੱਖਾਂ ਪਾੜ ਕੇ ਵੇਖਦਾ ਹੀ ਰਹਿ ਗਿਆ।

ਅਮਰੀਕਾ ਨੂੰ

ਇੱਥੋਂ ਨੌਕਰੀ ਛੱਡ ਕੇ ਵਿਸਾਖਾ ਸਿੰਘ ਨੇ ਵਾਪਸ ਪੰਜਾਬ ਜਾਣ ਦੀ ਬਜਾਏ ਅਮਰੀਕਾ ਵੱਲ ਜਾਣ ਦਾ ਫ਼ੈਸਲਾ ਕੀਤਾ। ਅਮਰੀਕਾ ਅਤੇ ਕੈਨੇਡਾ ਦਾ ਪੱਛਮੀ ਪਾਸਾ ਅਬਾਦ ਹੋ ਰਿਹਾ ਹੋਣ ਕਰ ਕੇ ਮਜ਼ਦੂਰਾਂ ਦੀ ਬਹੁਤ ਮੰਗ ਸੀ। ਪੰਜਾਬ ਵਿੱਚੋਂ ਗਏ ਪੰਜਾਬੀਆਂ ਨੇ ਮਿਹਨਤੀ ਲੋਕਾਂ ਵਜੋਂ ਆਪਣੀ ਅਜਿਹੀ ਨਿਵੇਕਲੀ ਪਛਾਣ ਕਾਇਮ ਕਰ ਲਈ ਸੀ ਕਿ ਮਜ਼ਦੂਰੀ ਲਈ ਪਹਿਲ ਪੰਜਾਬੀਆਂ ਨੂੰ ਦਿੱਤੀ ਜਾਣ ਲੱਗ ਪਈ ਸੀ। ਕਈ ਵਾਕਫ਼ਕਾਰਾਂ ਦੀ ਮਦਦ ਨਾਲ਼ ਵਿਸਾਖਾ ਸਿੰਘ ਅੰਦਾਜ਼ਨ ਸੰਨ 1909 ਵਿੱਚ ਸਾਨਫ਼ਰਾਂਸਿਸਕੋ ਵਿੱਚ ਬਾਗ਼ਾਂ ਵਿੱਚ ਫ਼ਲ ਤੋੜਨ ਦੇ ਕੰਮ ਜਾ ਲੱਗੇ। ਆਪਣੀ ਕਮਾਈ ਵਿੱਚੋਂ ਆਪਣੀਆਂ ਸਧਾਰਨ ਲੋੜਾਂ ਦੀ ਪੂਰਤੀ ਕਰਨ ਉਪਰੰਤ ਬਾਕੀ ਲੋੜਵੰਦ ਸਾਥੀਆਂ ਦੀ ਮਦਦ ਲਈ ਜਾਂ ਨਵੇਂ ਆਏ ਹਮਵਤਨਾਂ ਦੀ ਪ੍ਰਾਹੁਣਾਚਾਰੀ ਲਈ ਖ਼ਰਚ ਦੇਣ ਦੇ ਸੁਭਾਅ ਕਾਰਨ ਆਪ ਛੇਤੀ ਹੀ ਹਰਮਨਪਿਆਰੇ ਹੋ ਗਏ। ਅਮਰੀਕਾ ਦੇ ਸ਼ਹਿਰੀਆਂ ਦੀ ਅਜ਼ਾਦ ਰਹਿਣੀ-ਬਹਿਣੀ ਨੇ ਹੋਰ ਪੰਜਾਬੀਆਂ ਦੇ ਨਾਲ਼-ਨਾਲ਼ ਵਿਸਾਖਾ ਸਿੰਘ ਨੂੰ ਵੀ ਬੜਾ

ਪ੍ਰਭਾਵਿਤ ਕੀਤਾ ਅਤੇ ਕੌਮੀ ਅਜ਼ਾਦੀ ਦੀ ਜਵਾਲਾ ਪ੍ਰਚੰਡ ਹੋ ਉੱਠੀ।

ਇਹਨਾਂ ਹੀ ਦਿਨਾਂ ਵਿੱਚ ਆਪ ਦੀ ਮੁਲਾਕਾਤ ਬਾਬਾ ਜਵਾਲਾ ਸਿੰਘ ਪਿੰਡ ਠੱਠੀਆਂ (ਅੰਮ੍ਰਿਤਸਰ) ਨਾਲ਼ ਹੋਈ ਜੋ ਛੇਤੀ ਹੀ ਇੱਕ ਗੂੜ੍ਹੀ ਦੋਸਤੀ ਵਿੱਚ ਬਦਲ ਗਈ। ਆਪ ਨੇ ਰਲ਼ ਕੇ ਕੰਮ ਕਰਨਾ ਅਰੰਭ ਕੀਤਾ ਅਤੇ ਕੁਝ ਹੀ ਸਮੇਂ ਵਿੱਚ ਤਰੱਕੀ ਕਰ ਕੇ ਠੇਕੇ ਤੇ ਜ਼ਮੀਨ ਲੈ ਕੇ ਖੇਤੀਬਾੜੀ ਕਰਨੀ ਅਰੰਭ ਕੀਤੀ। ਇਸ ਤੋਂ ਕੁਝ ਚਿਰ ਬਾਅਦ ਸਟਾਕਟਨ ਸ਼ਹਿਰ ਦੇ ਨੇੜੇ ਹੋਲਟਵਿਲ ਦਰਿਆ ਦੇ ਕੰਢੇ ਆਪਣਾ ਫ਼ਾਰਮ ਸਥਾਪਤ ਕਰ ਲਿਆ। ਇਹ ਫ਼ਾਰਮ ਨਵੇਂ ਆਏ ਪੰਜਾਬੀਆਂ ਲਈ ਪ੍ਰਾਹੁਣਾ-ਘਰ, ਪੰਜਾਬੀ ਵਿਦਿਆਰਥੀਆਂ ਲਈ ਠਾਹਰ ਅਤੇ ਫਿਰ ਦੇਸ਼-ਭਗਤਾਂ ਦੀਆਂ ਇਨਕਲਾਬੀ ਸਰਗ਼ਰਮੀਆਂ ਦਾ ਕੇਂਦਰ ਬਣ ਗਿਆ।

ਇੱਕ ਪ੍ਰੇਰਨਾਮਈ ਘਟਨਾ

ਪੰਜਾਬੀ ਮਜ਼ਦੂਰਾਂ ਦੇ ਇਸ ਤਰ੍ਹਾਂ ਛਾ ਜਾਣ ਕਾਰਨ ਸਥਾਨਕ ਗੋਰੇ ਵਸਨੀਕ ਪੰਜਾਬੀਆਂ ਨਾਲ਼ ਨਫ਼ਰਤ ਕਰਨ ਲੱਗ ਪਏ। ਉਹਨਾਂ ਨੇ ਜਥੇਬੰਦ ਹੋ ਕੇ ਪੰਜਾਬੀਆਂ ਉੱਪਰ ਹਿੰਸਕ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਕਈ ਥਾਂਵਾਂ ਤੇ ਪੰਜਾਬੀਆਂ ਨੂੰ ਕੁੱਟਿਆ ਮਾਰਿਆ ਅਤੇ ਜ਼ਲੀਲ ਕੀਤਾ ਜਾਣ ਲੱਗਾ। ਪ੍ਰਦੇਸ ਦੀ ਧਰਤੀ ਤੇ ਬੈਠੇ ਪੰਜਾਬੀ, ਗੋਰਿਆਂ ਤੇ ਹੱਥ ਚੁੱਕਣ ਦੀ ਜੁਰਅਤ ਨਹੀਂ ਸੀ ਕਰਦੇ ਤੇ ਗ਼ੁਲਾਮ ਹੋਣ ਦੇ ਕਾਰਨ ਉਹਨਾਂ ਅੰਦਰ ਹੀਣ-ਭਾਵਨਾ ਪੈਦਾ ਹੋ ਚੁੱਕੀ ਸੀ। ਗੋਰੇ, ਪੰਜਾਬੀਆਂ ਦਾ ਗੱਲ-ਗੱਲ ਤੇ ਅਪਮਾਨ ਕਰ ਕੇ ਉਹਨਾਂ ਨੂੰ ਗ਼ੁਲਾਮ ਹੋਣ ਦਾ ਅਹਿਸਾਸ ਕਰਵਾਉਂਦੇ ਸਨ। ਪੰਜਾਬੀਆਂ ਦਾ ਬੜੇ ਹੀ ਘ੍ਰਿਣਾਮਈ ਢੰਗ ਨਾਲ਼ ਮਖ਼ੌਲ ਉਡਾਇਆ ਜਾਂਦਾ। ਹਿੰਸਕ ਹਮਲਿਆਂ ਵਿੱਚ ਦਿਨੋਂ-ਦਿਨ ਵਾਧਾ ਹੋਣ ਲੱਗਾ। ਪੰਜਾਬੀਆਂ ਦੀਆਂ ਕਈ ਬਸਤੀਆਂ ਅੱਗ ਲਾ ਕੇ ਸਾੜ ਦਿੱਤੀਆਂ ਗਈਆਂ। ਇੱਕ ਵਾਰ ਗੋਰਿਆਂ ਨੇ ਰਿਆਸਤ ਵਾਸ਼ਿੰਗਟਨ ਦੇ ਇੱਕ ਕਾਰਖ਼ਾਨੇ ਵਿੱਚੋਂ ਸਾਰੇ ਭਾਰਤੀ ਮਜ਼ਦੂਰ ਭਜਾ ਦਿੱਤੇ, ਪਰ ਉਹਨਾਂ ਵਿੱਚੋਂ ਪਟਿਆਲ਼ਾ ਜ਼ਿਲ੍ਹੇ ਦੇ ਮੌੜ ਪਿੰਡ ਦਾ ਸਰਦਾਰ ਘਨ੍ਹਈਆ ਸਿੰਘ ਇਕੱਲਾ ਹੀ ਪਿਸਤੌਲ ਲੈ ਕੇ ਮੁਕਾਬਲੇ ਉੱਤੇ ਡਟ ਗਿਆ ਤੇ ਇਕੱਲਾ ਹੀ ਕਈ ਦਿਨ ਕਾਰਖ਼ਾਨੇ ਵਿੱਚ ਕੰਮ ਕਰਦਾ ਰਿਹਾ।

ਹੁਣ ਪੰਜਾਬੀ ਮਜ਼ਦੂਰਾਂ, ਜਿਨ੍ਹਾਂ ਵਿੱਚ ਸਾਬਕਾ ਸਿੱਖ ਫ਼ੌਜੀਆਂ ਦੀ ਵੱਡੀ ਗਿਣਤੀ ਸੀ, ਨੇ ਹਥਿਆਰਬੰਦ ਅਤੇ ਜਥੇਬੰਦ ਹੋਣਾ ਸ਼ੁਰੂ ਕਰ ਦਿੱਤਾ। ਇੱਕ ਵਾਰ ਘਟਨਾ ਇਓਂ ਘਟੀ ਕਿ

ਸੈਂਕੜੇ ਗੋਰੇ ਮਜ਼ਦੂਰਾਂ ਨੇ ਹਥਿਆਰਬੰਦ ਹੋ ਕੇ ਡੈਕੋਮਾ ਸ਼ਹਿਰ ਵਿਖੇ ਕੰਮ ਕਰ ਰਹੇ ਚਾ.ਲੀ ਕੁ ਪੰਜਾਬੀ ਮਜ਼ਦੂਰਾਂ ਨੂੰ ਭਜਾਉਣ ਲਈ ਹੱਲਾ ਬੋਲਿਆ। ਉਹ ਪੁਰਾਣੇ ਤਜ਼ਰਬੇ ਕਾਰਨ ਖ਼ੁਸ਼ਫਹਿਮੀ ਵਿੱਚ ਸਨ ਕਿ ਇਹ ਵੀ ਪਹਿਲਾਂ ਵਾਂਗ ਹੀ ਭੱਜ ਜਾਣਗੇ; ਪਰ ਅੰਮ੍ਰਿਤਸਰ ਜ਼ਿਲ੍ਹੇ ਨਾ.ਲ ਸੰਬੰਧਿਤ ਇਹਨਾਂ ਮਜ਼ਦੂਰਾਂ ਵਿਚਲੇ ਸਾਬਕਾ ਸਿੱਖ ਫ਼ੌਜੀਆਂ ਨੇ ਚਾਰ-ਪੰਜ ਬੰਦੂਕਾਂ, ਪਿਸਤੌਲਾਂ ਅਤੇ ਗੋ.ਲੀ-ਸਿੱਕੇ ਦਾ ਪ੍ਰਬੰਧ ਕੀਤਾ ਹੋਇਆ ਸੀ, ਜਿਸ ਦੀ ਵਰਤੋਂ ਨਾ.ਲ 'ਠਾਹ-ਠਾਹ' ਹੁੰਦਿਆਂ ਹੀ ਸੈਂਕੜੇ ਗੋਰਿਆਂ ਦੇ ਦਲ ਵਿੱਚ ਭਾਜੜ ਪੈ ਗਈ। ਬਾਕੀ ਮਜ਼ਦੂਰਾਂ ਨੇ ਭੱਜੇ ਜਾਂਦੇ ਗੋਰਿਆਂ ਦਾ ਪਿੱਛਾ ਕੀਤਾ ਅਤੇ ਕਈਆਂ ਨੂੰ ਘੇਰ ਕੇ ਕੁੱਟ-ਕੁੱਟ ਕੇ ਧਰਤੀ ਤੇ ਵਿਛਾ ਦਿੱਤਾ।

ਇਹ ਘਟਨਾ ਅਗਲੇ ਦਿਨ ਵੰਨ-ਸੁਵੰਨੀਆਂ ਸੁਰਖ਼ੀਆਂ ਹੇਠ ਜਦੋਂ ਅਖ਼ਬਾਰਾਂ ਵਿੱਚ ਛਪੀ ਤਾਂ ਪੰਜਾਬੀ ਮਜ਼ਦੂਰ ਉਤਸ਼ਾਹ ਵਿੱਚ ਆ ਗਏ। ਇਹ ਵਿਚਾਰ ਜ਼ੋਰ ਫੜ ਗਿਆ ਕਿ ਗੋਰੇ ਸਾਡੇ ਤੋਂ ਜ਼ਿਆਦਾ ਤਾਕਤਵਰ ਜਾਂ ਦਲੇਰ ਨਹੀਂ ਅਤੇ ਹਥਿਆਰਬੰਦ ਹੋ ਕੇ ਅਸੀਂ ਆਪਣੇ ਤੋਂ ਕਈ ਗੁਣਾ ਵਧੇਰੇ ਗੋਰਿਆਂ ਨੂੰ ਵੀ ਪਛਾੜ ਸਕਦੇ ਹਾਂ। ਇਸ ਦੇ ਨਾ.ਲ ਹੀ ਇਹ ਵਿਚਾਰ ਵੀ ਭਾਰੂ ਹੋ ਗਿਆ ਕਿ ਇਸੇ ਤਰ੍ਹਾਂ ਹਥਿਆਰਬੰਦ ਹੋ ਕੇ ਹੀ ਭਾਰਤ ਵਿੱਚੋਂ ਗੋਰਿਆਂ ਨੂੰ ਕੱਢ ਕੇ ਦੇਸ਼ ਅਜ਼ਾਦ ਕਰਵਾਇਆ ਜਾ ਸਕਦਾ ਹੈ।

ਚੋਟ ਨਗਾਰੇ ਤੇ

ਇਸ ਵੇਲ਼ੇ ਬਾਬਾ ਜਵਾਲਾ ਸਿੰਘ ਨੇ ਬਾਬਾ ਵਿਸਾਖਾ ਸਿੰਘ ਅੱਗੇ ਤਜਵੀਜ਼ ਰੱਖੀ ਕਿ ਸਾਨੂੰ ਹਥਿਆਰਬੰਦ ਜੱਦੋ-ਜਹਿਦ ਰਾਹੀਂ ਅੰਗਰੇਜ਼ਾਂ ਤੋਂ ਅਜ਼ਾਦੀ ਹਾਸਲ ਕਰਨ ਲਈ ਸਰਗ਼ਰਮ ਹੋਣਾ ਚਾਹੀਦਾ ਹੈ, ਪਰ ਵਿਸਾਖਾ ਸਿੰਘ ਨਾਮ ਸਿਮਰਨ ਰਾਹੀਂ ਵਿਅਕਤੀਗਤ ਤੌਰ ਤੇ ਅਜ਼ਾਦ ਸ਼ਖ਼ਸੀਅਤ ਦੀ ਉਸਾਰੀ ਕਰਨ ਦੇ ਖ਼ਿਆਲ ਦੇ ਸਨ। ਕਾਫ਼ੀ ਦਿਨਾਂ ਦੀ ਬਹਿਸ ਉਪਰੰਤ ਅਖ਼ੀਰ ਫ਼ੈਸਲਾ ਗੁਰੂ ਦੇ ਹੁਕਮ ਤੇ ਛੱਡ ਦਿੱਤਾ ਗਿਆ। ਬਾਬਾ ਵਿਸਾਖਾ ਸਿੰਘ ਨੇ ਅਰਦਾਸ ਕਰਨ ਉਪਰੰਤ ਅੰਤਰਧਿਆਨ ਹੋ ਕੇ ਜਦੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਤਾਂ ਅੱਖਾਂ ਖੋਲ੍ਹਦਿਆਂ ਹੀ ਆਪ ਦੀ ਨਜ਼ਰ ਉਸ ਪਾਵਨ ਗੁਰਵਾਕ ਤੇ ਪਈ ਜੋ ਕਹਿ ਰਿਹਾ ਸੀ:

ਬਾਬਾ ਵਿਸਾਖਾ ਸਿੰਘ, ਬਾਬਾ ਜਵਾਲਾ ਸਿੰਘ ਤੇ ਸ੍ਰ. ਸੰਤੋਖ ਸਿੰਘ

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥

(ਗੁਰੂ ਗਰੰਥ ਸਾਹਿਬ, ੧੪੧੨)

ਇਸ ਤੇ ਬਾਬਾ ਜਵਾਲਾ ਸਿੰਘ ਖ਼ੁਸ਼ੀ ਵਿੱਚ ਅਤੇ ਬਾਬਾ ਵਿਸਾਖਾ ਸਿੰਘ ਵੈਰਾਗ ਵਿੱਚ ਝੂਮ ਉੱਠੇ। ਇਹਨਾਂ ਕੋਲ਼ ਇਸ ਵੇਲ਼ੇ ਇੱਕ ਹੋਰ ਸੱਜਣ ਸ੍ਰ. ਸੰਤੋਖ ਸਿੰਘ ਵੀ ਸੀ ਜਿਹੜਾ ਇਸ ਘਟਨਾ ਤੋਂ ਬਹੁਤ ਪ੍ਰਭਾਵਿਤ ਹੋਇਆ। ਖ਼ੁਸ਼ੀ ਵਿੱਚ ਤਿੰਨੇ ਸਿੰਘ ਗਲ਼ੇ ਮਿਲ਼ੇ। ਵਿਸਾਖਾ ਸਿੰਘ ਕਹਿਣ ਲੱਗੇ:

"ਮੈਨੂੰ ਅੱਜ ਇਸ ਸਿਧਾਂਤ ਤੇ ਨਿਸ਼ਚਾ ਹੋ ਗਿਆ ਹੈ ਕਿ ਸੱਚਾ ਸਿਮਰਨ ਜਾਂ ਭਗਤੀ ਉਹੀ ਹੈ ਜੋ ਗ਼ੁਲਾਮੀ ਨੂੰ ਇੱਕ ਪਲ਼ ਲਈ ਵੀ ਪ੍ਰਵਾਨ ਕਰਨ ਨੂੰ ਤਿਆਰ ਨਾ ਹੋਵੇ"।

ਸਰਗ਼ਰਮੀਆਂ

ਇਸ ਉਪਰੰਤ ਹੋਲਟਵਿਲ ਫਾਰਮ ਦੇਸ਼ ਦੀ ਅਜ਼ਾਦੀ ਦੇ ਪਤੰਗਿਆਂ ਲਈ ਮੁੱਖ ਕੇਂਦਰ ਬਣ ਗਿਆ। ਬਾਬਾ ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ, ਕਰਤਾਰ ਸਿੰਘ ਸਰਾਭਾ ਆਦਿ ਮੋਢੀ ਗ਼ਦਰੀਆਂ ਨਾਲ਼ ਮੇਲ ਹੋਇਆ। ਇਸ ਉਪਰੰਤ ਇੱਕ 'ਯੁਗਾਂਤਰ ਆਸ਼ਰਮ' ਹੈੱਡਕੁਆਰਟਰ ਵਜੋਂ ਖੋਲ੍ਹਿਆ ਗਿਆ। 'ਗ਼ਦਰ ਦੀ ਗੂੰਜ' ਨਾਮੀ ਅਖ਼ਬਾਰ

ਨਿਕਲਣਾ ਅਰੰਭ ਹੋਇਆ, ਜਿਸ ਨੇ ਅਜ਼ਾਦੀ ਦੀ ਇਸ ਲਹਿਰ ਨੂੰ ਵੱਡਾ ਹੁਲਾਰਾ ਦਿੱਤਾ। ਇਹ ਸਾਲ 1913 ਦਾ ਅਰੰਭ ਸੀ। ਇਸ ਵੇਲ਼ੇ ਗ਼ਦਰ ਦੀਆਂ ਸਰਗ਼ਰਮੀਆਂ ਬਾਰੇ ਬਾਬਾ ਵਿਸਾਖਾ ਸਿੰਘ ਦੀ ਕਲਮ ਰਾਹੀਂ ਲਿਖੀ ਵਾਰਤਾ ਤੋਂ ਕਾਫ਼ੀ ਕੁਝ ਪਤਾ ਲੱਗਦਾ ਹੈ। ਕਾਰੋਬਾਰ ਤੋਂ ਗ਼ਦਰ ਲਹਿਰ ਵੱਲ ਆਉਣ ਦਾ ਬਿਰਤਾਂਤ ਬਿਆਨ ਕਰਦਿਆਂ ਉਹਨਾਂ ਨੇ ਲਿਖਿਆ ਹੈ:-

ਸੂਬਾ ਵਿੱਚ ਅਮਰੀਕਾ ਕਲਾਫ਼ੋਰਨੀ ਜੀ, ਉਸ ਜਗ੍ਹਾ ਤੇ ਝੱਟ ਲੰਘਾ ਰਹੇ ਸਾਂ।
ਕਾਰ ਵਾਹੀ ਦੀ ਨਾਲ ਸਾਂ ਕਰੀ ਜਾਂਦੇ, ਨਾਲ਼ੇ ਰਲ਼ ਕੇ ਨਾਮ ਧਿਆ ਰਹੇ ਸਾਂ।
ਪੈਸਾ ਖੱਟ ਕੇ ਵਾਹੀ ਦੀ ਕਾਰ ਵਿੱਚੋਂ, ਸੇਵਾ ਮੁਲਕ ਦੀ ਵਿੱਚ ਜੀ ਲਾ ਰਹੇ ਸਾਂ।
ਆਏ ਗਏ ਭਰਾਵਾਂ ਦੀ ਸੇਵ ਕਰਦੇ, ਲੰਗਰ ਰਲ਼ ਕੇ ਸੋਹਣਾ ਚਲਾ ਰਹੇ ਸਾਂ।
ਭਾਰਤ ਵਰਸ਼ ਦੇ ਵੇਖ ਕਰ ਕਸ਼ਟ ਸਾਰੇ, ਸੁਰਤ ਮੁਲਕ ਦੀ ਸੇਵਾ ਮੇਂ ਲਾ ਰਹੇ ਸਾਂ।
ਕਈ ਥਾਂਈਂ ਫਿਰ ਜਾ ਕੇ ਆਪ ਵੀਰੋ, ਖ਼ਿਆਲ ਭਾਈਆਂ ਦਾ ਏਧਰ ਭਵਾ ਰਹੇ ਸਾਂ।
ਜ਼ਾਲਮ ਜ਼ੁਲਮ ਜੋ ਵੀਰੋ ਕਮਾ ਰਹੇ ਸੀ, ਸਾਰੇ ਵੀਰਾਂ ਨੂੰ ਦੱਸ ਦਸਾ ਰਹੇ ਸਾਂ।
ਭਾਰਤ ਵਰਸ਼ ਨੂੰ ਕਿਵੇਂ ਅਜ਼ਾਦ ਕਰੀਏ, ਸੋਹਣਾ ਸੋਚ ਕੇ ਦਾਅ ਤਕਾ ਰਹੇ ਸਾਂ।
ਲਾਹ ਦੇਈਏ ਗ੍ਰਹਿਣ ਫ਼ਰੰਗ ਵਾਲ਼ਾ, ਪੱਬਾਂ ਤੋੜੀ ਜੀ ਜ਼ੋਰ ਫਿਰ ਲਾ ਰਹੇ ਸਾਂ।
ਦਿਨੇ ਰਾਤ ਸੀ ਸੰਗਤੇ ਕਾਰ ਏਹੋ, ਭਲਾ ਮੁਲਕ ਦਾ ਸਾਰੇ ਹੀ ਚਾਹ ਰਹੇ ਸਾਂ।
ਤੋੜ ਦੇਈਏ ਗ਼ੁਲਾਮੀ ਜ਼ੰਜੀਰ ਸਾਰੇ, ਸਦਾ ਪੱਕੀਆਂ ਖ਼ੂਬ ਪਕਾ ਰਹੇ ਸਾਂ।

ਛੇਤੀ ਹੀ ਗ਼ਦਰ ਲਹਿਰ ਦੀ ਸਮੁੱਚੀ ਲੀਡਰਸ਼ਿਪ ਨਾਲ਼ ਮੇਲ ਮਿਲਾਪ ਪਿੱਛੋਂ ਓਥੇ ਰਹਿੰਦੇ ਭਾਰਤੀ, ਜਿਨ੍ਹਾਂ 'ਚ ਵਧੇਰੇ ਸਿੱਖ ਹੀ ਸਨ, ਦੇ ਵਿੱਚ ਅੰਗਰੇਜ਼ ਤੋਂ ਮੁਲਕ ਅਜ਼ਾਦ ਕਰਵਾਉਣ ਲਈ ਜੋਸ਼ੀਲੀ ਪ੍ਰਚਾਰ ਲਹਿਰ ਵਿੱਢ ਦਿੱਤੀ। ਪੰਜਾਬੀ 'ਚ ਗ਼ਦਰ ਅਖ਼ਬਾਰ ਕੱਢਣਾ ਅਰੰਭ ਕੀਤਾ ਗਿਆ, ਜੋ ਕਿ ਵੱਡੀ ਗਿਣਤੀ 'ਚ ਛਪਣ ਲੱਗਾ। ਉਸ ਵਿੱਚ ਜੋਸ਼ੀਲੇ ਲੇਖ ਅਤੇ ਕਵਿਤਾਵਾਂ ਛਪਦੀਆਂ। ਆਪਣੇ ਕੰਮਾਂ ਕਾਰਾਂ ਵਿੱਚ ਮਸਤ ਭਾਰਤੀਆਂ ਦੀ ਅਣਖ ਨੂੰ ਟੁੰਬ ਕੇ ਜਗਾਇਆ ਜਾਣ ਲੱਗਾ ਤੇ ਉਹਨਾਂ ਨੂੰ ਦੇਸ਼ ਵਿੱਚੋਂ ਗੋਰਿਆਂ ਨੂੰ ਮਾਰ ਭਜਾਉਣ ਲਈ ਵੰਗਾਰ ਪਾਈ ਜਾਣ ਲੱਗੀ। ਇਸ ਵਾਰਤਾ ਨੂੰ ਬਾਬਾ ਵਿਸਾਖਾ ਸਿੰਘ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ:-

ਯੁਗਾਂਤਰ ਆਸ਼ਰਮ ਵਿੱਚ ਕੌਮੀ ਪਰਵਾਨਿਆਂ ਦੀ ਇਤਿਹਾਸਿਕ ਤਸਵੀਰ

ਸਾਨੂੰ ਕੀ ਹੋ ਗਿਆ ਹੈ ਮੁਰਦਿਓ ਓਇ, ਕਿਉਂ ਬੈਠੇ ਹੋ ਧੌਣਾਂ ਨਿਵਾਇ ਕੇ ਤੇ ?
ਲਾਜ ਆਂਵਦੀ ਤੁਸਾਂ ਨੂੰ ਮੂਲ ਨਾਹੀਂ, ਗੋਰੇ ਬੈਠੇ ਤੁਹਾਨੂੰ ਦਬਾਇ ਕੇ ਤੇ।
ਲਾਏ ਤੁਸਾਂ ਨੂੰ ਪਾਬਰਾਂ ਜੇਜ਼ੀਏ ਨੇ, ਬੈਠ ਰਹੇ ਹੋ ਮੁਲਕ ਲੁਟਾਇ ਕੇ ਤੇ।

ਆਨ ਤੁਸਾਂ ਦੀ ਗਈ ਹੁਣ ਅੱਜ ਕਿੱਥੇ ? ਬੈਠੇ ਮੁਲਕ ਨੂੰ ਤੁਸੀਂ ਭੁਲਾਇ ਕੇ ਤੇ।
ਭਾਰਤ ਵਰਸ਼ ਨੂੰ ਇਹਨਾਂ ਹੈ ਜ਼ੇਰ ਕੀਤਾ, ਤੁਸੀਂ ਮਰੋ ਖਾਂ ਮੌਹਰਾ ਹੁਣ ਖਾਇ ਕੇ ਤੇ।
ਭਾਰਤ ਵਾਸੀਏ ਤੀਹ ਕਰੋੜ ਤੁਸੀਂ, ਗੋਰੇ ਹੈ ਕੀ ਵੇਖੋ ਗਣਾਇ ਕੇ ਤੇ।
ਤੀਹ ਤੇ ਚਾਰ ਕਰੋੜ ਕਿੱਥੇ, ਮਰੋ ਤੁਸੀਂ ਓਇ ਹੁਣ ਸ਼ਰਮਾਇ ਕੇ ਤੇ।
ਮੇਹਣੇ ਮਾਰਦੇ ਤੁਸਾਂ ਨੂੰ ਮੁਲਕ ਸਾਰੇ, 'ਦਾਸ' ਰਹੇ ਹੋ ਤੁਸੀਂ ਸਦਵਾਇ ਕੇ ਤੇ।
ਏਸ ਜਿਉਣ ਤੋਂ ਤੁਸਾਂ ਨੂੰ ਮਰਨ ਚੰਗਾ, ਐਵੇਂ ਬੈਠੇ ਹੋ ਪੇਟ ਵਧਾਇ ਕੇ ਤੇ।
ਆਓ ਨਿੱਤਰੋ ਤੁਸੀਂ ਮੈਦਾਨ ਗੱਜੋ, ਮਾਰੋ ਗੋਰਿਆਂ ਸ਼ੇਰੋ ਭਜਾਇ ਕੇ ਤੇ।
ਲਾਹ ਦਿਓ ਗ੍ਰਹਿਣ ਫ਼ਰੰਗ ਤੁਸੀਂ, ਕੱਢੋ ਬਿੱਲਿਆਂ ਤੁਸੀਂ ਨਸਾਏ ਕੇ ਤੇ।
ਸ਼ੇਰੋ ਤੁਸਾਂ ਦੇ ਅੱਗੇ ਏਹ ਚੀਜ਼ ਕੀ ਨੇ, ਛੱਡੋ ਇਹਨਾਂ ਦੀ ਅਲਖ ਮੁਕਾਇ ਕੇ ਤੇ।
ਜਿੱਥੋਂ ਚੱਲ ਕੇ ਆਏ ਨੇ ਇਹ ਪਾਜੀ, ਓਥੇ ਤਕ ਹੁਣ ਛੱਡੋ ਪੁਚਾਇ ਕੇ ਤੇ।

ਇਸ ਧੂੰਆਂਧਾਰ ਪ੍ਰਚਾਰ ਦਾ ਅਸਰ ਬੜੀ ਤੇਜ਼ੀ ਨਾਲ਼ ਹੋਣ ਲੱਗਾ ਤੇ ਪੰਜਾਂ ਪਾਣੀਆਂ ਦਾ ਅਣਖੀਲਾ ਲਹੂ ਛੇਤੀ ਹੀ ਉਬਾਲ਼ੇ ਖਾਣ ਲੱਗ ਪਿਆ। ਗੱਭਰੂ ਆਪੋ ਵਿੱਚ ਕੌਮੀ ਅਜ਼ਾਦੀ ਲਈ ਕੁਝ ਵੀ ਕਰ ਗੁਜ਼ਰਨ ਲਈ ਸਲਾਹਾਂ ਕਰਨ ਲੱਗ ਪਏ। ਗ਼ਦਰ ਮਚਾਉਣ ਲਈ ਜੂਝਣ ਹਿੱਤ ਆਪੋ ਆਪਣੇ ਨਾਂ ਲਿਖਵਾਉਣ ਲਈ ਸੂਰਮਿਆਂ ਦੀਆਂ ਲੰਮੀਆਂ ਕਤਾਰਾਂ ਲੱਗ ਗਈਆਂ। ਇਸ ਕੌਮੀ ਉਤਸ਼ਾਹ ਦਾ ਜ਼ਿਕਰ ਅਤੇ ਗੱਭਰੂਆਂ ਦੀ ਮਾਨਸਿਕ ਦਸ਼ਾ ਦਾ ਬਿਆਨ ਬਾਬਾ ਵਿਸਾਖਾ ਸਿੰਘ ਨੇ ਇਸ ਤਰ੍ਹਾਂ ਕੀਤਾ ਹੈ:-

ਕਈ ਉੱਠ ਕੇ ਜੋਧੇ ਸੀ ਉਸ ਜਗ੍ਹਾ, ਨਾਮ ਆਪਣਾ ਦਰਜ ਕਰਾਂਵਦੇ ਸੀ।
ਬਹੁਤ ਬਣ ਜੀ ਗਏ ਸਹੈਕ ਓਥੇ, ਮਿੰਬਰ ਬਣ ਕਈ ਨਾਮ ਲਖਾਂਵਦੇ ਸੀ।
ਮੁਲਕ ਮੱਲਿਆ ਆਣ ਕਰ ਗੋਰਿਆਂ ਨੇ, ਜੋਸ਼ ਵਿੱਚ ਆ ਮੁੱਛਾਂ ਨੂੰ ਤਾਂਵਦੇ ਸੀ।
ਵੇਖ ਕਰਨੀਆਂ ਸੂਰਮੇ ਉਸ ਜਗ੍ਹਾ, ਦਿਲ ਆਪਣੇ ਬਹੁਤ ਪਛਤਾਂਵਦੇ ਸੀ।
ਸਾਨੂੰ ਹੋ ਕੀ ਗਿਆ ਹੈ ਮੁਰਦਿਓ ਓਇ ? ਕਈ ਵੀਰਾਂ ਨੂੰ ਟੁੰਬ ਜਗਾਂਵਦੇ ਸੀ।
ਆਪਾਂ ਮੁਲਕ ਵਿਸਾਰ ਵੈਰਾਨ ਕੀਤਾ, ਕਈ ਸੋਚ ਸਲਾਹ ਦੁੜਾਂਵਦੇ ਸੀ।
ਜਨਮ ਪਾਇ ਕੇ ਭਲਾ ਨਾ ਕੰਮ ਕੀਤਾ, ਦਿਲੋਂ ਸੋਚ ਕਰ ਨੀਵੀਆਂ ਪਾਂਵਦੇ ਸੀ।
ਦਿੱਤੇ ਨਾਮ ਲਿਖਾ ਸੀ ਬਹੁਤਿਆਂ ਨੇ, ਪਰਚਾਰ ਸੁਣ ਕਰ ਜੋਸ਼ ਮੇਂ ਆਂਵਦੇ ਸੀ।
ਮੁਲਕ ਚੱਲ ਕਰ ਧੂੜ ਧੁਮਾ ਦਈਏ, ਸਾਰੇ ਵੀਰ ਕਚੀਚੀਆਂ ਖਾਂਵਦੇ ਸੀ।

ਸੰਨ 1914 ਵਿੱਚ ਜਦੋਂ ਕਾਮਾਗਾਟਾਮਾਰੂ ਨਾਂ ਦੇ ਸਮੁੰਦਰੀ ਜਹਾਜ਼, ਜਿਸ ਰਾਹੀਂ ਪੰਜਾਬ ਦੇ ਕਿਰਤੀ ਕਨੇਡਾ ਆ ਰਹੇ ਸਨ, ਨੂੰ ਕਨੇਡਾ ਸਰਕਾਰ ਨੇ ਬੰਦਰਗਾਹ ਤੇ ਲੱਗਣ ਨਾ ਦਿੱਤਾ, ਮੁਸਾਫ਼ਰਾਂ ਨੂੰ ਕਨੇਡਾ 'ਚ ਉੱਤਰਨ ਦੀ ਪ੍ਰਵਾਨਗੀ ਦੇਣ ਦੀ ਬਜਾਏ ਵਾਪਸ ਪਰਤਣ ਦਾ ਫੁਰਮਾਨ ਸੁਣਾ ਦਿੱਤਾ ਤਾਂ ਰਾਸ਼ਣ ਅਤੇ ਤੇਲ ਤੋਂ ਸੱਖਣੇ ਇਸ ਜਹਾਜ਼

ਵਿਚਲੇ ਪੰਜਾਬੀ ਵੀਰ ਮੁਸੀਬਤ ਵਿੱਚ ਫਸ ਗਏ । ਹੁਣ ਕਨੇਡਾ ਤੇ ਅਮਰੀਕਾ ਦੇ ਜਾਗ੍ਰਿਤ ਹੋਏ ਪੰਜਾਬੀ ਮਜ਼ਦੂਰਾਂ ਨੇ ਉਹਨਾਂ ਦੀ ਹਰ ਸੰਭਵ ਮਦਦ ਕੀਤੀ, ਬੜੀ ਤਰਕੀਬ ਨਾ.ਲ ਜਹਾਜ਼ ਅੰਦਰ ਰਾਸ਼ਨ ਪਹੁੰਚਾਇਆ। ਬਾਬਾ ਵਿਸਾਖਾ ਸਿੰਘ ਦਾ ਭਤੀਜਾ ਬਿਸ਼ਨ ਸਿੰਘ ਪਹਿਲਵਾਨ ਵੀ ਕਾਮਾਗਾਟਾਮਾਰੂ ਜਹਾਜ਼ ਦੇ ਵਿੱਚ ਸੀ। ਕਨੇਡਾ ਦੇ ਸਿੰਘਾਂ ਦੀ ਭਾਵਨਾਤਮਕ ਹਮਾਇਤ ਨਾ.ਲ ਕਾਮਾਗਾਟਾਮਾਰੂ ਦੇ ਮਸਾਫ਼ਰ ਕਨੇਡਾ ਦੇ ਜੰਗੀ ਜਹਾਜ਼ ਨਾ.ਲ ਵੀ ਡਟਵੀਂ ਟੱਕਰ ਲੈਂਦੇ ਰਹੇ। ਜੇ ਹੋਰ ਕੁਝ ਨਹੀਂ ਤਾਂ ਜਹਾਜ਼ 'ਚੋਂ ਗ਼ਰਮ ਪਾਣੀ ਅਤੇ ਕੋ.ਲੇ ਸੁੱਟ ਸੁੱਟ ਕੇ ਹੀ ਇਹਨਾਂ ਭੁੱਖੇ ਤੇ ਨਿਹੱਥੇ ਸਿੰਘਾਂ ਨੇ ਕਨੇਡਾਈ ਫ਼ੋਰਸਾਂ ਨੂੰ ਨੇੜੇ ਨਾ ਆਉਣ ਦਿੱਤਾ। ਜੇ ਪੁ.ਲੀਸ ਵਾ.ਲੇ ਪੌੜੀਆਂ ਲਾ ਕੇ ਚੜ੍ਹਨ ਦੀ ਕੋਸ਼ਿਸ਼ ਕਰਦੇ ਤਾਂ ਪੰਜਾਬੀ ਮੁਸਾ.ਫ਼ਰ (ਤਕਰੀਬਨ ਸਿੱਖ) ਡਾਂਗਾਂ ਮਾਰ ਮਾਰ ਕੇ ਉਹਨਾਂ ਨੂੰ ਹੇਠਾਂ ਸੁੱਟ ਦਿੰਦੇ। ਅਖ਼ੀਰ ਕਨੇਡਾਈ ਪੁਲੀਸ ਨੇ ਗੋ.ਲੀ ਵੀ ਚਲਾਈ, ਜਿਸ ਨਾ.ਲ ਕਈ ਸਿੰਘ ਜ਼ਖ਼ਮੀ ਹੋਏ। ਇਹਨਾਂ 'ਚੋਂ ਹੀ ਇੱਕ ਗੋ.ਲੀ ਬਾਬਾ ਵਿਸਾਖਾ ਸਿੰਘ ਦੇ ਭਤੀਜੇ ਸ੍ਰ. ਬਿਸ਼ਨ ਸਿੰਘ ਦੇ ਮੱਥੇ ਨਾ.ਲ ਖਹਿੰਦੀ ਹੋਈ ਸਿਰ ਵੱਲ ਦੀ ਉਤਾਂਹ ਨੂੰ ਖਹਿ ਕੇ ਲੰਘ ਗਈ। ਅਖ਼ੀਰ ਲੰਮੇ ਸੰਘਰਸ਼ ਪਿੱਛੋਂ ਕਨੇਡਾ ਸਰਕਾਰ ਨਾ.ਲ ਇੱਕ ਸਮਝੌਤੇ ਦੇ ਤਹਿਤ ਜ਼ਖ਼ਮੀਆਂ ਦਾ ਇਲਾਜ ਕਰਵਾ ਕੇ, ਤੇਲ ਅਤੇ ਰਾਸ਼ਨ ਦਾ ਕੋਟਾ ਪੂਰਾ ਕਰਵਾਉਣ ਉਪਰੰਤ ਸਹੀ ਸਲਾਮਤ ਇਹ ਜਹਾਜ਼ ਕਨੇਡਾ ਤੋਂ ਭਾਰਤ ਲਈ ਵਾਪਸ ਤੁਰ ਪਿਆ। ਇਸ ਜਹਾਜ਼ ਦੀ ਵਾਪਸੀ ਸਮੇਂ ਗ਼ਦਰੀ ਸੂਰਮਿਆਂ ਨੇ ਜਹਾਜ਼ ਵਿਚਲੇ ਮੁਸਾਫ਼ਰਾਂ ਨੂੰ ਅੰਗਰੇਜ਼ ਹਕੂਮਤ ਨਾ.ਲ ਲੜਨ ਲਈ ਤਿਆਰ ਕੀਤਾ। ਅਖ਼ੀਰ ਬਾਬਾ ਸੋਹਣ ਸਿੰਘ ਭਕਨਾ ਦੀ ਡਿਊਟੀ ਲਾਈ ਗਈ, ਜਿਸ ਨੇ ਪਿਸਤੌਲਾਂ ਅਤੇ ਗੋ.ਲੀਆਂ ਦੀਆਂ ਦੋ ਪੇਟੀਆਂ ਅਗਾਊਂ ਹੀ ਇੱਕ ਬੰਦਰਗਾਹ ਤੇ ਪਹੁੰਚਾ ਦਿੱਤੀਆਂ, ਜਿੱਥੋਂ ਕਾਮਾਗਾਟਾਮਾਰੂ ਨੇ ਰੁਕ ਕੇ ਜਾਣਾ ਸੀ। ਹਥਿਆਰ ਸਹੀ ਸਲਾਮਤ ਕਾਮਾਗਾਟਾਮਾਰੂ 'ਚ ਪਹੁੰਚ ਗਏ ਤੇ ਇਸ ਤਰ੍ਹਾਂ ਬਾਬਾ ਗੁਰਦਿੱਤ ਸਿੰਘ ਨੂੰ ਵੀ ਗ਼ਦਰ ਦੇ ਪ੍ਰੋਗਰਾਮ ਲਈ ਸਹਿਮਤ ਕਰ ਲਿਆ।



ਬਾਬਾ ਸੋਹਣ ਸਿੰਘ ਭਕਨਾ

ਸੰਸਾਰ ਜੰਗ ਅਤੇ ਦੇਸ਼ ਵਾਪਸੀ

25 ਜੁਲਾਈ 1914 ਨੂੰ ਪਹਿਲੀ ਸੰਸਾਰ ਜੰਗ ਛਿੜ ਪਈ। ਅੰਗਰੇਜ਼ ਹਕੂਮਤ ਦੇ ਜੰਗ ਵਿੱਚ ਉ.ਲਝ ਜਾਣ ਕਾਰਨ ਗ਼ਦਰ ਲਈ ਕੀਤੀ ਗਈ ਥੋੜ੍ਹੀ-ਬਹੁਤ ਤਿਆਰੀ ਨੂੰ ਹੀ ਕਾਫ਼ੀ ਸਮਝਦਿਆਂ ਜੰਗ ਵਿੱਚ ਉ.ਲਝੇ ਅੰਗਰੇਜ਼ਾਂ ਨੂੰ ਇੱਕ ਵੱਡੀ ਸੱਟ ਮਾਰਨ ਲਈ ਤੁਰੰਤ ਦੇਸ਼ ਪੁੱਜ ਕੇ ਗ਼ਦਰ ਮਚਾ ਦੇਣ ਦਾ ਵਿਚਾਰ ਕੌਮੀ ਆਸ਼ਕਾਂ ਵਿੱਚ ਜ਼ੋਰ ਫੜ ਗਿਆ ਤੇ ਅਖ਼ੀਰ ਇਸ ਤੇ ਸਰਬ-ਸੰਮਤੀ ਹੋ ਗਈ। ਮੋਢੀ ਗ਼ਦਰੀਆਂ ਦੀਆਂ ਵੱਖ-ਵੱਖ ਦੇਸ਼ਾਂ ਤੋਂ ਭਾਰਤੀਆਂ ਨੂੰ ਨਾ.ਲ ਲੈ

ਕੇ ਦੇਸ਼ ਪੁੱਜਣ ਲਈ ਡਿਊਟੀਆਂ ਲਾ ਦਿੱਤੀਆਂ ਗਈਆਂ। ਜਪਾਨ, ਕਨੇਡਾ, ਅਮਰੀਕਾ, ਚੀਨ, ਹਾਂਗਕਾਂਗ, ਬਰਮਾ, ਫ਼ਿਲਪਾਈਨ, ਸ਼ਿੰਘਾਈ, ਮਲਾਇਆ, ਸਿੰਘਾਪੁਰ ਆਦਿ ਤੋਂ ਦੇਸ਼ ਭਗਤਾਂ ਦੇ ਕਾਫ਼ਲੇ ਕੰਮ-ਕਾਰ ਛੱਡ ਕੇ ਅਜ਼ਾਦੀ ਲਈ ਜੂਝਣ, ਵਤਨ ਵੱਲ ਰਵਾਨਾ ਹੋ ਗਏ। ਇੱਥੋਂ ਤਕ ਕਿ ਮੌਲਵੀ ਬਰਕਤ ਅਲੀ ਦੀ ਅਫ਼ਗਾਨਿਸਤਾਨ ਜਾ ਕੇ ਓਥੋਂ ਵੀ ਗ਼ਦਰ ਲਈ ਹਮਾਇਤ ਹਾਸਲ ਕਰਨ ਦੀ ਡਿਊਟੀ ਲਾਈ ਗਈ। ਕਰਤਾਰ ਸਿੰਘ ਸਰਾਭਾ ਵਰਗੇ ਉਤਸ਼ਾਹੀ ਨੌਜਵਾਨ ਮੋਹਰੀ ਕਾਫ਼ਲਿਆਂ ਵਿੱਚ ਪੰਜਾਬ ਲਈ ਰਵਾਨਾ ਹੋ ਗਏ।

ਗ੍ਰਿਫ਼ਤਾਰੀਆਂ

ਅੰਗਰੇਜ਼ ਸਰਕਾਰ ਨੂੰ ਵੀ ਪਲ-ਪਲ ਦੀ ਖ਼ਬਰ ਮਿਲ਼ ਰਹੀ ਸੀ ਅਤੇ ਉਸ ਨੇ ਭਾਰੀ ਪੁਲੀਸ ਫ਼ੋਰਸ ਬੰਦਰਗਾਹਾਂ ਉੱਪਰ ਅਜ਼ਾਦੀ ਦੇ ਪਰਵਾਨਿਆਂ ਦੇ 'ਸਵਾਗਤ' ਲਈ ਤਾਇਨਾਤ ਕਰ ਦਿੱਤੀ। ਸਭ ਤੋਂ ਪਹਿਲਾਂ ਚੱਲੇ ਕਰਤਾਰ ਸਿੰਘ ਸਰਾਭੇ ਹੋਰੀਂ ਤਾਂ ਰੂਟ ਬਦਲ ਕੇ ਬਿਨਾਂ ਕਿਸੇ ਰੁਕਾਵਟ ਬੜੀ ਚਲਾਕੀ ਨਾ਼ਲ ਪੰਜਾਬ ਅੱਪੜ ਗਏ, ਪਰ ਬਾਅਦ ਵਿੱਚ ਸਾਰੇ ਹੀ ਰੂਟਾਂ ਉੱਪਰ ਸਖ਼ਤੀ ਹੋ ਗਈ। ਗੋ਼ਲੀ-ਸਿੱਕਾ ਤਕਰੀਬਨ ਸਾਰਾ ਬੰਦਰਗਾਹਾਂ ਉੱਪਰ ਹੀ ਫੜਿਆ ਗਿਆ। ਬਾਬਾ ਵਿਸਾਖਾ ਸਿੰਘ ਕਿਤਾਨੋਮਾਰੂ ਜਹਾਜ਼ ਰਾਹੀਂ ਕੋਲੰਬੋ ਤੋਂ ਹੁੰਦੇ ਹੋਏ 7 ਜਨਵਰੀ 1915 ਨੂੰ ਮਦਰਾਸ ਬੰਦਰਗਾਹ ਤੇ ਪੁੱਜੇ। ਸਖ਼ਤ ਠੰਢ ਦੇ ਇਸ ਮੌਸਮ ਵਿੱਚ ਆਪਣੀਆਂ ਛਾਤੀਆਂ ਵਿੱਚ ਸੂਰਜ ਵਰਗੀ ਇਨਕਲਾਬੀ ਚਿਣਗ ਲੈ ਕੇ ਬਾਬਾ ਵਿਸਾਖਾ ਸਿੰਘ ਵਰਗੇ ਕੌਮੀ ਪਰਵਾਨੇ ਗ਼ੁਲਾਮੀ ਦੀ ਲੰਮੀ ਰਾਤ ਵਿੱਚ ਇੱਕ ਐਲਾਨੇ ਜੰਗ ਬਣ ਕੇ ਮੈਦਾਨ ਵਿੱਚ ਨਿੱਤਰ ਆਏ ਸਨ, ਪਰ ਹਨੇਰਿਆਂ ਦੇ ਰਾਖੇ ਵਧੇਰੇ ਸਾਧਨਾਂ ਨਾ਼ਲ ਲੈਸ ਸਨ। ਜਹਾਜ਼ ਬੰਦਰਗਾਹ ਤੇ ਲੱਗਦਿਆਂ ਹੀ ਪੁਲੀਸ ਦਗੜ-ਦਗੜ ਕਰਦੀ ਜਹਾਜ਼ ਉੱਤੇ ਆ ਚੜ੍ਹੀ। ਸਭ ਯਾਤਰੂਆਂ ਦੀਆਂ ਸੂਚੀਆਂ ਤਿਆਰ ਕਰ ਕੇ ਪੁਲੀਸ ਦੇ ਸਖ਼ਤ ਪਹਿਰੇ ਹੇਠ ਪੰਜਾਬ ਭੇਜਿਆ ਗਿਆ। ਲੁਧਿਆਣਾ ਜੇਲ੍ਹ ਵਿੱਚ ਸਭ ਦੀ ਤਫ਼ਤੀਸ਼ ਕਰ ਕੇ ਕਾਰਵਾਈ ਕੀਤੀ ਗਈ। ਬਾਬਾ ਵਿਸਾਖਾ ਸਿੰਘ ਕੋ਼ਲੋਂ ਕੋਈ ਇਤਰਾਜ਼ਯੋਗ ਚੀਜ਼ ਨਹੀਂ ਸੀ ਫੜੀ ਗਈ, ਜਿਸ ਲਈ ਆਪ ਨੂੰ ਕੇਵਲ ਜੂਹਬੰਦੀ ਦਾ ਹੁਕਮ ਹੋਇਆ ਅਤੇ ਹਦਾਇਤ ਕੀਤੀ ਗਈ ਕਿ ਬਿਨਾਂ ਇਜਾਜ਼ਤ ਪਿੰਡੋਂ ਬਾਹਰ ਨਹੀਂ ਨਿਕ਼ਲਣਾ। ਜਦੋਂ ਬਾਬਾ ਵਿਸਾਖਾ ਸਿੰਘ ਜੀ ਨੂੰ ਸਿੱਖ ਪੰਥ ਦੇ ਠੇਕੇਦਾਰ ਬਣ ਬੈਠੇ ਲੋਕਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਨਾਂ ਵਰਤ ਕੇ ਜਾਰੀ ਕੀਤੇ ਇਸ ਸੰਦੇਸ਼ ਦਾ ਪਤਾ ਲੱਗਾ ਕਿ ਬਾਹਰੋਂ ਆਉਣ ਵਾ਼ਲੇ (ਗ਼ਦਰੀ) ਸਿੱਖ ਨਹੀਂ, ਸਗੋਂ ਸਿੱਖੀ ਤੋਂ ਖਾਰਜ ਲੋਕ ਹਨ ਤਾਂ ਆਪ ਦੀਆਂ ਅੱਖਾਂ ਵਿੱਚ ਖ਼ੂਨ ਉੱਤਰ ਆਇਆ। ਆਪ ਦੇ ਸ਼ਬਦ ਸਨ:

"ਗੁਰੂ ਦੇ ਪਵਿੱਤਰ ਅਸਥਾਨਾਂ ਦੀ ਏਨੀ ਗ਼ਲਤ ਵਰਤੋਂ ਸ਼ੁਰੂ ਹੋ ਗਈ ਹੈ ? ਇਹ ਤਾਂ ਅਨਰਥ ਹੈ"।

ਆਪ ਨੂੰ ਪਿੰਡ ਵਿੱਚ ਨਜ਼ਰਬੰਦ ਕਰ ਕੇ ਸੀ.ਆਈ.ਡੀ. ਦਾ ਪਹਿਰਾ ਲਗਾ ਦਿੱਤਾ ਗਿਆ। ਇਸ ਦੇ ਬਾਵਜੂਦ ਆਪ ਨੇ ਖਿੰਡਰੇ ਹੋਏ ਸਾਥੀਆਂ ਨਾ਼ਲ ਤਾਲਮੇਲ ਕਾਇਮ ਕਰ ਲਿਆ।

ਗ਼ਦਰ ਦੀ ਯੋਜਨਾ

ਸ੍ਰ. ਕਰਤਾਰ ਸਿੰਘ ਸਰਾਭਾ ਤੇ ਭਾਈ ਨਿਧਾਨ ਸਿੰਘ ਚੁੱਘਾ ਆਦਿ ਹੋਰ ਗ਼ਦਰੀਆਂ ਨੇ ਪਿੰਡ-ਪਿੰਡ ਘੁੰਮ ਕੇ ਗ਼ਦਰੀਆਂ ਨਾ਼ਲ ਤਾਲਮੇਲ ਪੈਦਾ ਕੀਤਾ ਅਤੇ ਉਹਨਾਂ ਨੂੰ ਇੱਕ ਲੜੀ ਵਿੱਚ


ਸ੍ਰ. ਕਰਤਾਰ ਸਿੰਘ ਸਰਾਭਾ

ਪਰੋ ਦਿੱਤਾ। ਗ਼ਦਰੀ ਸਾਹਿਤ ਪਿੰਡਾਂ ਵਿੱਚ ਵੰਡਿਆ ਗਿਆ। ਇਸ ਉਪਰੰਤ ਗ਼ਦਰ ਲਹਿਰ ਦੇ ਮੋਢੀ ਵਰਕਰ ਭੇਸ ਵਟਾ ਕੇ ਪਿੰਡਾਂ ਵਿੱਚ ਖਿੰਡ ਗਏ ਤੇ ਗ਼ਦਰ ਲਈ ਪ੍ਰਚਾਰ ਕਰਨ ਲੱਗੇ। ਗ਼ਦਰ ਮਚਾਉਣ ਲਈ ਅੰਗਰੇਜ਼ ਹਕੂਮਤ ਨਾ.ਲ ਸਿੱਧੀ ਟੱਕਰ ਲੈਣ ਲਈ ਵੱਡੀ ਤਿਆਰੀ ਅਤੇ ਤਾਕਤ ਦੀ ਲੋੜ ਸੀ, ਇਸ ਲਈ ਸਿੱਖ ਫ਼ੌਜੀਆਂ ਨੂੰ ਆਪਣੇ ਨਾ.ਲ ਮਿਲਾਉਣ ਦੀ ਯੋਜਨਾ ਬਣਾਈ ਗਈ । ਫ਼ੌਜਾਂ ਵਿੱਚ ਬਗ਼ਾਵਤ ਦਾ ਪ੍ਰਚਾਰ ਕਰਨ ਲਈ ਡਿਊਟੀਆਂ ਵੰਡੀਆਂ ਗਈਆਂ। ਬਾਬਾ ਵਿਸਾਖਾ ਸਿੰਘ ਨੇ ਫ਼ੌਜ ਵਿਚਲੇ ਆਪਣੇ ਮਿੱਤਰਾਂ ਨੂੰ ਗ਼ਦਰ ਲਈ ਤਿਆਰ ਕਰ ਕੇ ਅੱਗੋਂ ਬਾਕੀ ਫ਼ੌਜੀਆਂ ਵਿੱਚ ਪ੍ਰਚਾਰ ਕਰਨ ਲਾ ਦਿੱਤਾ। ਗ਼ਦਰ ਲਈ ਹਥਿਆਰਾਂ ਦੀ ਲੋੜ ਪੂਰੀ ਕਰਨ ਲਈ ਥਾਣੇ ਅਤੇ ਫ਼ੌਜੀ ਛਾਉਣੀਆਂ ਲੁੱਟਣ ਦੀ ਯੋਜਨਾ ਬਣਾਈ ਗਈ, ਕਿਉਂਕਿ ਬਾਹਰੋਂ ਲਿਆਂਦਾ ਗਿਆ ਅਸਲਾ ਪੁਲੀਸ ਵੱਲੋਂ ਬੰਦਰਗਾਹਾਂ ਉੱਪਰ ਹੀ ਫੜ ਲਿਆ ਗਿਆ ਸੀ। ਹਥਿਆਰ ਹਾਸਲ ਕਰਨ ਲਈ ਕਰਤਾਰ ਸਿੰਘ ਸਰਾਭਾ ਬੰਗਾਲ ਵੀ ਗਿਆ ਤੇ ਓਥੋਂ ਦੇ ਇਨਕਲਾਬੀਆਂ ਨਾ.ਲ ਸੰਪਰਕ ਪੈਦਾ ਕੀਤਾ।

ਗ਼ਦਰੀਆਂ ਨਾਲ਼ ਗ਼ੱਦਾਰੀ

ਚੰਗੀ ਤਿਆਰੀ ਅਤੇ ਪੂਰੀ ਤਰ੍ਹਾਂ ਸਲਾਹ-ਮਸ਼ਵਰੇ ਉਪਰੰਤ 21 ਫ਼ਰਵਰੀ 1915 ਦਾ ਦਿਨ ਗ਼ਦਰ ਮਚਾਉਣ ਲਈ ਨਿਰਧਾਰਤ ਕਰ ਲਿਆ ਗਿਆ। ਬਾਬਾ ਵਿਸਾਖਾ ਸਿੰਘ ਦੀ ਪਾਰਟੀ ਵੱਲੋਂ ਡਿਊਟੀ ਲੱਗੀ ਕਿ ਉਹਨਾਂ ਨੇ ਆਪਣੇ ਇਲਾਕੇ 'ਚੋਂ ਹਥਿਆਰਬੰਦ ਜਥਾ ਤਿਆਰ ਕਰ ਕੇ ਮੀਆਂ ਮੀਰ ਛਾਉਣੀ (ਲਾਹੌਰ) ਤੇ ਕੀਤੇ ਜਾਣ ਵਾ.ਲੇ ਹਮਲੇ 'ਚ ਭੇਜਣਾ ਹੈ। ਬਾਬਾ ਵਿਸਾਖਾ ਸਿੰਘ ਨੇ ਇਸ ਮਕਸਦ ਲਈ ਇੱਕ ਤਕੜਾ ਹਥਿਆਰਬੰਦ ਜਥਾ ਤਿਆਰ ਕਰ ਲਿਆ। ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਮਾਦੋਕੇ ਬਰਾੜ ਦੇ ਕਿਰਪਾਲ ਸਿੰਘ ਨੇ ਲਾਲਚ ਵੱਸ ਇਸ ਪ੍ਰੋਗਰਾਮ ਦੀ ਸੂਹ ਹਕੂਮਤ ਤਕ ਪਹੁੰਚਾ ਦਿੱਤੀ। ਇਸ ਕਾਰਨ ਹਕੂਮਤ ਨੇ ਵੀ ਸਖ਼ਤ ਪ੍ਰਬੰਧ ਕਰ ਲਏ। ਇਸ ਮੁਖ਼ਬਰੀ ਦਾ ਪਤਾ ਜਦੋਂ ਗ਼ਦਰ ਦੇ ਮੋਢੀਆਂ ਨੂੰ ਲੱਗਾ ਤਾਂ ਉਹਨਾਂ ਦੇ ਜੋਸ਼ ਨੇ ਗ਼ਦਰ ਨੂੰ ਕੁਝ ਸਮੇਂ ਲਈ ਟਾਲਣਾ ਗਵਾਰਾ ਨਾ ਕੀਤਾ ਤੇ ਹਾਰੀ ਗਈ ਜੰਗ ਹੀ ਲੜਨ ਲਈ 21 ਫ਼ਰਵਰੀ ਦੀ ਥਾਂ 19 ਫ਼ਰਵਰੀ ਨੂੰ ਹੀ ਗ਼ਦਰ ਮਚਾ ਦੇਣ ਦਾ ਫ਼ੈਸਲਾ ਕੀਤਾ ਗਿਆ। ਪਰ ਮੰਦੇ ਭਾਗਾਂ ਨੂੰ ਇਸ ਦੀ ਸੂਹ ਵੀ ਸਰਕਾਰ ਨੂੰ ਮਿ.ਲ ਗਈ । ਸਰਕਾਰ ਨੇ ਵੱਡੀ ਪੱਧਰ ਤੇ ਪ੍ਰਬੰਧ ਕਰ ਲਏ ਅਤੇ ਜਾ.ਲ ਵਿਛਾ ਦਿੱਤੇ । ਨਿਰਧਾਰਤ ਸਮੇਂ ਬਹੁਤੇ ਗ਼ਦਰੀ ਖ਼ੁਦ ਹੀ ਸਰਕਾਰ ਦੇ ਵਿਛਾਏ ਜਾ.ਲ ਵਿੱਚ ਜਾ ਫਸੇ; ਜਿਹੜੇ ਬਚ ਗਏ, ਉਹਨਾਂ ਨੂੰ ਬੜੇ ਹੀ ਫੁਰਤੀਲੇ ਐਕਸ਼ਨ ਰਾਹੀਂ ਕਾਬੂ ਕਰ ਲਿਆ ਗਿਆ। ਬਾਬਾ ਵਿਸਾਖਾ ਸਿੰਘ ਦੇ ਘਰ ਤੇ ਵੀ ਪੁਲੀਸ ਦਾ ਛਾਪਾ ਪਿਆ ਤੇ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਬਾਬਾ ਵਿਸਾਖਾ ਸਿੰਘ ਦੇ ਨਾ.ਲ ਗ੍ਰਿਫ਼ਤਾਰ ਹੋਣ ਵਾ.ਲਿਆਂ ਵਿੱਚ ਉਹਨਾਂ ਦਾ ਭਤੀਜਾ ਬਿਸ਼ਨ ਸਿੰਘ ਭਲਵਾਨ, ਭਾਈ ਵਿਸਾਖਾ ਸਿੰਘ (ਦੂਜੇ), ਭਾਈ ਹਜ਼ਾਰਾ ਸਿੰਘ, ਭਾਈ ਬਿਸ਼ਨ ਸਿੰਘ (ਦੂਜੇ) ਆਦਿ ਪੰਜ ਸਿੰਘ ਪਿੰਡ ਦਦੇਹਰ ਤੋਂ ਹੀ ਸਨ।

ਲਾਹੌਰ ਸਾਜ਼ਸ਼ ਕੇਸ

ਗ਼ਦਰੀਆਂ ਉੱਪਰ ਮੁਕਦਮਾ 26 ਅਪ੍ਰੈਲ 1915 ਨੂੰ ਵਿਸ਼ੇਸ਼ ਅਦਾਲਤ ਰਾਹੀਂ ਅਰੰਭ ਹੋਇਆ। ਫ਼ੈਸਲਾ ਤਾਂ ਪਹਿਲਾਂ ਹੀ ਨਿਰਧਾਰਤ ਕਰ ਲਿਆ ਗਿਆ ਸੀ, ਇਸ ਲਈ ਚਾਰ ਕੁ ਮਹੀਨੇ ਦੇ ਅਦਾਲਤੀ ਡਰਾਮੇ ਉਪਰੰਤ 3 ਸਤੰਬਰ 1915 ਨੂੰ ਸੁਣਾਏ ਗਏ ਫ਼ੈਸਲੇ ਅਨੁਸਾਰ 24 ਗ਼ਦਰੀਆਂ ਨੂੰ ਫਾਂਸੀ, 27 ਨੂੰ ਉਮਰ ਕੈਦ, ਕਾਲ਼ੇ ਪਾਣੀ ਅਤੇ ਜਾਇਦਾਦ ਜ਼ਬਤੀ ਤੇ 6 ਨੂੰ ਉਮਰ ਕੈਦ ਤੋਂ ਘੱਟ ਸਜ਼ਾਵਾਂ ਮਿਲ਼ੀਆਂ। ਜਿਨ੍ਹਾਂ ਨੂੰ ਫਾਂਸੀ ਮਿਲ਼ੀ, ਉਹਨਾਂ ਕਿਹਾ, "ਬੱਸ ਏਨਾ ਹੀ ਜ਼ੋਰ ਸੀ ?" ਜਿਨ੍ਹਾਂ ਨੂੰ ਉਮਰ ਕੈਦ ਹੋਈ, ਉਹਨਾਂ ਪੁੱਛਿਆ, "ਸਾਨੂੰ ਫਾਂਸੀ ਕਿਉਂ ਨਾ ਦਿੱਤੀ ਗਈ ?" ਬਾਬਾ ਵਿਸਾਖਾ ਸਿੰਘ ਨੇ ਇਸ ਨਜ਼ਾਰੇ ਦਾ ਬਿਆਨ ਆਪਣੀ ਲਿਖੀ ਕਵਿਤਾ ਵਿੱਚ ਇਸ ਤਰ੍ਹਾਂ ਕੀਤਾ ਹੈ:-

ਜਿਸ ਸਿੰਘ ਨੂੰ ਹੁਕਮ ਨਾ ਮਿਲ਼ੇ ਫਾਂਸੀ,
ਉਹ ਗੱਜ ਕੇ ਫ਼ਤਹਿ ਬੁਲਾਉਣ ਲੱਗ ਪਏ।
ਕਿਉਂ ਨਹੀਂ ਬਿੱਲਿਓ ਫਾਂਸੀ ਤੇ ਚਾੜ੍ਹਦੇ ਓਇ ?
ਕਿਉਂ ਕੈਦਾਂ ਦਾ ਹੁਕਮ ਸੁਣਾਉਣ ਲੱਗ ਪਏ ?

ਫਾਂਸੀ ਦੀ ਸਜ਼ਾ ਵਾਲ਼ੇ ਸੂਰਮੇ ਬੜੇ ਉਤਸ਼ਾਹ ਨਾਲ਼ ਫਾਂਸੀ ਉਡੀਕ ਰਹੇ ਸਨ । ਸਵੇਰ ਸਾਰ ਫ਼ਾਂਸੀ ਤੇ ਚਾੜ੍ਹੇ ਜਾਣ ਵਾਲ਼ੇ ਸੂਰਮੇ ਆਪਣੀਆਂ ਹਥਕੜੀਆਂ ਅਤੇ ਬੇੜੀਆਂ ਦੇ ਸਾਜ਼ ਬਣਾ ਕੇ ਸਾਰੀ ਰਾਤ ਹੀ ਜੋਸ਼ ਵਿੱਚ ਗ਼ਦਰ ਅਤੇ ਅਜ਼ਾਦੀ ਦੇ ਤਰਾਨੇ ਗਾਉਂਦੇ ਰਹੇ, ਨਾ ਆਪ ਹੀ ਸੁੱਤੇ ਤੇ ਨਾ ਜੇਲ੍ਹ ਵਾਲ਼ਿਆਂ ਨੂੰ ਸੌਣ ਦਿੱਤਾ ।

ਪਰ ਸਵੇਰੇ ਫ਼ਾਂਸੀ ਚਾੜ੍ਹੇ ਜਾਣ ਵਾਲ਼ੇ ਗ਼ਦਰੀ ਸੂਰਮਿਆਂ ਨੂੰ ਰਵਾਇਤ ਅਨੁਸਾਰ ਇਸ਼ਨਾਨ ਕਰਵਾਉਣ ਲਈ ਕੋਈ ਨਾ ਆਇਆ ਤਾਂ ਸਭ ਨੂੰ ਹੈਰਾਨੀ ਹੋਈ । ਜੇਲ੍ਹ ਵਾਲ਼ਿਆਂ ਤੋਂ ਪੁੱਛਿਆ ਤਾਂ ਪਤਾ ਲੱਗਾ ਕਿ ਐਨ ਆਖ਼ਰੀ ਸਮੇਂ ਭਾਰਤ ਦੇ ਪ੍ਰਸਿੱਧ ਵਕੀਲਾਂ ਨੇ ਮੁਕਦਮੇ ਦੀ ਕਮਜ਼ੋਰੀ ਨੂੰ ਆਧਾਰ ਬਣਾ ਕੇ ਫਾਂਸੀ ਰੁਕਵਾ ਦਿੱਤੀ ਹੈ। ਉਹਨਾਂ ਪ੍ਰਸਿੱਧ ਵਕੀਲਾਂ ਨੇ ਦਲੀਲ ਦਿੱਤੀ ਕਿ ਫ਼ਾਂਸੀ ਦਾ ਸਜ਼ਾ ਵਾਲ਼ੇ 17 ਬੰਦੇ ਤਾਂ ਭਾਰਤ ਦੀ ਧਰਤੀ ਤੇ ਉੱਤਰੇ ਹੀ ਨਹੀਂ, ਸਿੱਧੇ ਸਮੁੰਦਰੀ ਜਹਾਜ਼ਾਂ 'ਚੋਂ ਹੀ ਗ੍ਰਿਫ਼ਤਾਰ ਕਰ ਲਏ ਗਏ ਸਨ, ਉਹਨਾਂ ਨੂੰ ਕਿਸ ਆਧਾਰ ਤੇ ਫ਼ਾਂਸੀ ਦਿੱਤੀ ਜਾ ਰਹੀ ਹੈ ? ਅਖ਼ੀਰ 17 ਗ਼ਦਰੀਆਂ ਦੀ ਫਾਂਸੀ ਟੁੱਟ ਕੇ ਉਮਰ ਕੈਦ ਵਿੱਚ ਬਦਲ ਗਈ। 16 ਨਵੰਬਰ 1915 ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਕਰਤਾਰ ਸਿੰਘ ਸਰਾਭਾ, ਬਖ਼ਸ਼ੀਸ਼ ਸਿੰਘ, ਸੁਰੈਣ ਸਿੰਘ, ਹਰਨਾਮ ਸਿੰਘ, ਸੁਰੈਣ ਸਿੰਘ (ਦੂਜਾ), ਵਿਸ਼ਨੂੰ ਗਣੇਸ਼ ਪਿੰਗਲੇ ਤੇ ਜਗਤ ਸਿੰਘ ਹੱਸਦੇ-ਹੱਸਦੇ ਜੈਕਾਰਿਆਂ ਦੀ ਗੂੰਜ ਵਿੱਚ ਫਾਂਸੀ ਤੇ ਝੂਲ ਗਏ। ਬਾਕੀ ਗ਼ਦਰੀਆਂ ਦੀ ਕੈਦ ਅਰੰਭ ਹੋ ਗਈ।



ਭਾਗ ਤੀਜਾ

ਕਾਲ਼-ਕੋਠੜੀਆਂ ਵਿੱਚ

ਸਭ ਤੋ ਪਹਿਲਾਂ ਇਹਨਾਂ ਕੈਦ ਗ਼ਦਰੀ ਸੂਰਮਿਆਂ ਨੂੰ ਲਾਹੌਰ ਤੋਂ ਮੁਲਤਾਨ ਜੇਲ੍ਹ ਵਿੱਚ ਭੇਜਿਆ ਗਿਆ। ਬਾਬਾ ਵਿਸਾਖਾ ਸਿੰਘ ਨੂੰ ਉਮਰ ਕੈਦ, ਕਾ.ਲੇ ਪਾਣੀ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਹੋਈ ਸੀ। ਮੁਲਤਾਨ ਜੇਲ੍ਹ ਵਿੱਚ ਇਹਨਾਂ ਨੂੰ ਜਾਂਦਿਆਂ ਹੀ ਕੈਦੀਆਂ ਵਾ.ਲੀਆਂ ਵਰਦੀਆਂ ਦਿੱਤੀਆਂ ਗਈਆਂ, ਜਿਸ ਤੋਂ ਪਤਾ ਲੱਗਾ ਕਿ ਇਸ ਵਰਦੀ ਅਨੁਸਾਰ ਹਰ ਕੈਦੀ ਨੂੰ ਟੋਪੀ ਪਾਉਣੀ ਪੈਂਦੀ ਹੈ। ਸਿੱਖ ਧਰਮ ਵਿੱਚ ਟੋਪੀ ਨੂੰ ਗ਼ੁਲਾਮੀ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ ਤੇ ਟੋਪੀ ਪਾਉਣ ਦੀ ਸਖ਼ਤ ਮਨਾਹੀ ਹੈ। ਰਹਿਤਨਾਮੇ 'ਚ ਲਿਖਿਆ ਹੈ:-

ਹੋਇ ਸਿਖ ਸਿਰਿ ਟੋਪੀ ਧਰੈ।
ਸਾਤ ਜਨਮ ਕੁਸ਼ਟੀ ਹੋਇ ਮਰੈ।

ਸੋ ਬਾਬਾ ਵਿਸਾਖਾ ਸਿੰਘ ਨੇ ਟੋਪੀ ਪਾਉਣੋਂ ਨਾਂਹ ਕਰ ਦਿੱਤੀ। ਬਾਕੀ ਗ਼ਦਰੀ ਵੀ ਬਾਬਾ ਜੀ ਦੇ ਨਾ.ਲ ਹੀ ਦਸਤਾਰ ਬੰਨ੍ਹਣ ਦੇ ਹੱਕ ਲਈ ਅੜ ਖਲੋਤੇ। ਇਸ ਕਿਸਮ ਦੀ ਪਹਿਲੀ ਹੁਕਮ-ਅਦੂਲੀ ਵੇਖ ਕੇ ਜੇਲ੍ਹਰ ਕ੍ਰੋਧਿਤ ਹੋ ਕੇ ਸਖ਼ਤੀ ਤੇ ਉੱਤਰ ਆਇਆ। ਬਾਬਾ ਜੀ ਅਤੇ ਸਾਥੀਆਂ ਨੂੰ ਡੰਡਾ ਬੇੜੀ ਦੀ ਕਰੜੀ ਸਜ਼ਾ ਅਰੰਭ ਹੋਈ, ਪਰ ਆਪ ਡਟੇ ਰਹੇ। ਤਕੜੀ ਜੱਦੋਜਹਿਦ ਉਪਰੰਤ 'ਟੋਪੀ' ਦੀ ਥਾਂ 'ਦਸਤਾਰ' ਸਜਾਉਣ ਦੀ ਪ੍ਰਵਾਨਗੀ ਨਾ.ਲ ਜੇਲ੍ਹ ਅੰਦਰ ਗ਼ਦਰੀ ਸੂਰਬੀਰਾਂ ਦੀ ਸਰਕਾਰ ਤੇ ਪਹਿਲੀ ਜਿੱਤ ਹੋਈ। ਟੋਪੀ ਤੋਂ ਖਹਿੜਾ ਛੁੱਟਣ ਨਾ.ਲ ਕਈ ਇਖ਼ਲਾਕੀ ਕੈਦੀ ਵੀ ਗ਼ਦਰੀਆਂ ਵੱਲ ਖਿੱਚੇ ਗਏ। ਪੰਜਾਬ ਦੀਆਂ ਸਾਰੀਆਂ ਹੀ ਜੇਲ੍ਹਾਂ ਵਿੱਚ ਰੌ.ਲਾ ਪੈ ਗਿਆ। ਇਸ ਨੂੰ ਪਗੜੀ ਦੇ ਮੋਰਚੇ ਦੀ ਫ਼ਤਹਿ ਕਿਹਾ ਗਿਆ। ਮੁਲਤਾਨ ਜੇਲ੍ਹ ਵਿੱਚ ਕੈਦੀ ਗ਼ਦਰੀ ਦੇਸ਼ ਭਗਤਾਂ ਨੂੰ ਚੱਕੀਆਂ ਪੀਹਣ ਦੀ ਮੁਸ਼ੱਕਤ ਦਿੱਤੀ ਗਈ। ਸਵੇਰ ਸਾਰ ਹੀ ਹਰ ਕੈਦੀ ਨੂੰ 21 ਸੇਰ ਦਾਣੇ ਤੋਲ ਕੇ ਦੇ ਦਿੱਤੇ ਜਾਂਦੇ, ਤੇ ਚੱਕੀਆਂ ਦੀ ਘੂਕਰ ਅਰੰਭ ਹੋ ਜਾਂਦੀ। ਮੁਸ਼ੱਕਤ ਪੂਰੀ ਨਾ ਕਰਨ ਵਾ.ਲੇ ਕੈਦੀ ਨੂੰ ਡੰਡਾ ਬੇੜੀ ਲਾ ਕੇ ਜਕੜ ਦਿੱਤਾ ਜਾਂਦਾ ਤੇ ਸਾਰੀ ਸਾਰੀ ਰਾਤ ਖੜ੍ਹਿਆਂ ਰੱਖਿਆ ਜਾਂਦਾ। ਇਸ ਜ਼ੁਲਮ ਦੇ ਬਾਵਜੂਦ ਗ਼ਦਰੀ ਸਿੰਘ ਪੂਰੀ ਚੜ੍ਹਦੀ ਕਲਾ ਵਿੱਚ ਰਹਿੰਦੇ ਅਤੇ ਕੌਮੀ ਅਜ਼ਾਦੀ ਦੇ ਤਰਾਨੇ ਗਾਉਂਦੇ ਰਹਿੰਦੇ। ਸਰਕਾਰ ਨੂੰ ਖ਼ਤਰਾ ਪੈਦਾ ਹੋ ਗਿਆ ਕਿ ਜੇਲ੍ਹਾਂ 'ਚ ਗੂੰਜ ਰਹੇ ਇਹਨਾਂ ਕੌਮੀ ਤਰਾਨਿਆਂ ਦੀ ਲੈਅ ਕਿਤੇ ਨੇੜਲੀਆਂ ਫ਼ੌਜੀ ਛਾਉਣੀਆਂ ਤਕ ਨਾ ਜਾ ਅੱਪੜੇ, ਜਿੱਥੇ ਕਿ ਵੱਡੀ ਗਿਣਤੀ 'ਚ ਸਿੱਖ ਫ਼ੌਜੀ ਹੁੰਦੇ ਸਨ। ਇਹੀ ਸਮਾਂ ਸੀ, ਜਦੋਂ ਅੰਗਰੇਜ਼ ਹਕੂਮਤ ਵੱਲੋਂ ਇਹਨਾਂ ਗ਼ਦਰੀ ਸੂਰਬੀਰਾਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿੱਚੋਂ ਕੱਢ ਕੇ ਕਾ.ਲੇ ਪਾਣੀ ਭੇਜਣ ਦਾ ਫ਼ੈਸਲਾ ਕੀਤਾ ਗਿਆ।

ਕਾਲ਼ੇ ਪਾਣੀ

ਬੜੇ ਚੁੱਪ-ਚਪੀਤੇ ਢੰਗ ਨਾ.ਲ ਇਹਨਾਂ ਸੂਰਬੀਰਾਂ ਨੂੰ ਅੰਡੇਮਾਨ ਵੱਲ ਤੋਰਿਆ ਗਿਆ। ਪਹਿਲੇ ਕੇਸ ਵਿੱਚ 40 ਦੇਸ਼ ਭਗਤ ਕਾ.ਲੇ ਪਾਣੀ ਦੀ ਜੇਲ੍ਹ 'ਚ ਪਹੁੰਚੇ। ਇਹਨਾਂ ਦੇ ਨਾਂ ਸਨ:-

ਡੰਡਾ ਬੇੜੀ ਦੀ ਸਜ਼ਾ ਦਾ ਤਰੀਕਾ



ਡੰਡਾ ਬੇੜੀ ਵਿੱਚ ਜਕੜੇ ਗ਼ਦਰੀ ਬਾਬਾ ਹਰਦਿੱਤ ਸਿੰਘ ਚੋਹਲਾ ਸਾਹਿਬ ਦੀ ਇਤਿਹਾਸਿਕ ਤਸਵੀਰ

(1)	ਭਾਈ ਬਲਵੰਤ ਸਿੰਘ	ਸਠਿਆ਼ਲਾ, ਅੰਮ੍ਰਿਤਸਰ
(2)	ਭਾਈ ਕਾ਼ਲਾ ਸਿੰਘ	ਅੰਮ੍ਰਿਤਸਰ
(3)	ਭਾਈ ਕੇਸਰ ਸਿੰਘ	ਠੱਠਗੜ੍ਹ, ਅੰਮ੍ਰਿਤਸਰ
(4)	ਭਾਈ ਖ਼ੁਸ਼ਾਲ ਸਿੰਘ	ਪੱਧਰੀ, ਅੰਮ੍ਰਿਤਸਰ
(5)	ਭਾਈ ਸਾਉਣ ਸਿੰਘ	ਚੱਬਾ, ਅੰਮ੍ਰਿਤਸਰ
(6)	ਭਾਈ ਸੋਹਣ ਸਿੰਘ	ਭਕਨਾ, ਅੰਮ੍ਰਿਤਸਰ
(7)	ਭਾਈ ਵਸਾਵਾ ਸਿੰਘ	ਗਿਲਵਾ਼ਲੀ, ਅੰਮ੍ਰਿਤਸਰ
(8)	ਭਾਈ ਹਰਨਾਮ ਸਿੰਘ	ਕੋਟਲਾ, ਹੁਸ਼ਿਆਰਪੁਰ
(9)	ਭਾਈ ਜਗਤ ਰਾਮ	ਹਰਿਆਣਾ, ਹੁਸ਼ਿਆਰਪੁਰ
(10)	ਭਾਈ ਹਿਰਦੇ ਰਾਮ	ਮੰਡੀ, ਮੰਡੀ ਰਿਆਸਤ
(11)	ਭਾਈ ਨਿਧਾਨ ਸਿੰਘ	ਚੁੱਘਾ, ਫ਼ਿਰੋਜ਼ਪੁਰ
(12)	ਭਾਈ ਪਰਮਾਨੰਦ	ਕੜਿਆਲ ਜਿਹਲਮ
(13)	ਭਾਈ ਪਰਮਾਨੰਦ	ਸੁਕਰਾਦਾ ਖਰਕਾ, ਹਮੀਰਪੁਰ
(14)	ਭਾਈ ਪ੍ਰਿਥਵੀ ਸਿੰਘ	ਲਾਲੜੂ, ਰਿਆਸਤ ਪਟਿਆ਼ਲਾ
(15)	ਭਾਈ ਰਾਮਸਰਨ ਦਾਸ	ਕਪੂਰਥਲਾ, ਰਿਆਸਤ ਕਪੂਰਥਲਾ
(16)	ਭਾਈ ਬਿਸ਼ਨ ਸਿੰਘ	ਦਦੇਹਰ, ਅੰਮ੍ਰਿਤਸਰ
(17)	ਭਾਈ ਬਿਸ਼ਨ ਸਿੰਘ (ਦੂਜੇ)	ਦਦੇਹਰ, ਅੰਮ੍ਰਿਤਸਰ
(18)	ਭਾਈ ਹਜ਼ਾਰਾ ਸਿੰਘ	ਦਦੇਹਰ, ਅੰਮ੍ਰਿਤਸਰ
(19)	ਭਾਈ ਵਿਸਾਖਾ ਸਿੰਘ (ਦੂਜੇ)	ਦਦੇਹਰ, ਅੰਮ੍ਰਿਤਸਰ
(20)	ਭਾਈ ਲਾਲ ਸਿੰਘ	ਭੁਰੇ, ਅੰਮ੍ਰਿਤਸਰ
(21)	ਭਾਈ ਮੰਗਲ ਸਿੰਘ	ਲਾਲਪੁਰਾਂ, ਅੰਮ੍ਰਿਤਸਰ
(22)	ਭਾਈ ਸ਼ੇਰ ਸਿੰਘ	ਵੇਈਂ ਪੂਈਂ, ਅੰਮ੍ਰਿਤਸਰ
(23)	ਭਾਈ ਊਧਮ ਸਿੰਘ	ਕਸੇਲ, ਅੰਮ੍ਰਿਤਸਰ
(24)	ਭਾਈ (ਸੰਤ) ਵਿਸਾਖਾ ਸਿੰਘ	ਦਦੇਹਰ, ਅੰਮ੍ਰਿਤਸਰ
(25)	ਭਾਈ ਚੂਹੜ ਸਿੰਘ	ਲੀਲਾਂ, ਲੁਧਿਆਣਾ
(26)	ਭਾਈ ਗੁਰਮੁਖ ਸਿੰਘ	ਲਲਤੋਂ, ਲੁਧਿਆਣਾ
(27)	ਭਾਈ ਇੰਦਰ ਸਿੰਘ	ਮਾਲ੍ਹਾ, ਲੁਧਿਆਣਾ
(28)	ਭਾਈ ਭਾਨ ਸਿੰਘ	ਸਨੇਤ, ਲੁਧਿਆਣਾ
(29)	ਭਾਈ ਰੋਡਾ ਸਿੰਘ	ਰੋਡੇ, ਮੋਗਾ
(30)	ਭਾਈ ਕਿਹਰ ਸਿੰਘ	ਮਰਹਾਣਾ, ਅੰਮ੍ਰਿਤਸਰ
(31)	ਭਾਈ ਗੁਰਦਿੱਤ ਸਿੰਘ	ਸੁਰਸਿੰਘ, ਅੰਮ੍ਰਿਤਸਰ
(32)	ਭਾਈ ਇੰਦਰ ਸਿੰਘ	ਭਸੀਣ, ਅੰਮ੍ਰਿਤਸਰ
(33)	ਭਾਈ ਇੰਦਰ ਸਿੰਘ	ਸੁਰਸਿੰਘ, ਅੰਮ੍ਰਿਤਸਰ
(34)	ਭਾਈ ਜਵੰਦ ਸਿੰਘ	ਸੁਰਸਿੰਘ, ਅੰਮ੍ਰਿਤਸਰ

(35) ਭਾਈ ਕਾਲ਼ਾ ਸਿੰਘ — ਸੁਰਸਿੰਘ, ਅੰਮ੍ਰਿਤਸਰ
(36) ਭਾਈ ਮਦਨ ਸਿੰਘ — ਗਾਗਾ, ਲਾਹੌਰ
(37) ਭਾਈ ਪਿਆਰਾ ਸਿੰਘ — ਲੰਗੇਰੀ, ਹੁਸ਼ਿਆਰਪੁਰ
(38) ਭਾਈ ਸ਼ਿਵ ਸਿੰਘ — ਕੋਟਲਾ, ਹੁਸ਼ਿਆਰਪੁਰ
(39) ਭਾਈ ਰੂੜ ਸਿੰਘ — ਚੂਹੜਚੱਕ, ਮੋਗਾ
(40) ਭਾਈ ਰੁਲੀਆ ਸਿੰਘ — ਸਰਾਭਾ, ਲੁਧਿਆਣਾ

ਸਮੁੰਦਰ ਵਿਚਲੇ ਅੰਡੇਮਾਨ ਟਾਪੂ ਤੇ ਬਣਾਈ ਗਈ ਜੇਲ੍ਹ 'ਚ ਇਹਨਾਂ ਗ਼ਦਰੀ ਸੂਰਮਿਆਂ ਨੂੰ ਭੇਜਿਆ ਜਾ ਰਿਹਾ ਸੀ। ਰਾਹ ਵਿੱਚ ਹੀ ਇਹਨਾਂ ਨੇ ਮਤਾ ਪਕਾ ਲਿਆ ਕਿ ਇਕਮੁੱਠ ਹੋ ਕੇ ਹਰ ਬੇਇਨਸਾਫ਼ੀ ਦਾ ਵਿਰੋਧ ਕਰਨਾ ਹੈ। ਇਸ ਮਤੇ ਦੇ ਫ਼ੈਸਲੇ ਸਨ:-

(ੳ) ਮੁਸ਼ੱਕਤ ਕੀਤੀ ਜਾਵੇ, ਪਰ ਜੋ ਵਿੱਤੋਂ ਬਾਹਰੀ ਨਾ ਹੋਵੇ।
(ਅ) ਜੇਲ੍ਹ ਕਰਮਚਾਰੀਆਂ ਨਾਲ਼ ਸਲੀਕੇ ਨਾਲ਼ ਵਿਹਾਰ ਕੀਤਾ ਜਾਵੇ, ਪਰ ਜੇ ਕੋਈ ਕਰਮਚਾਰੀ ਨਾਜਾਇਜ਼ ਬੇਇੱਜ਼ਤੀ ਕਰੇ ਤਾਂ ਉਹਦਾ ਮੁਕਾਬਲਾ, ਕੌਮੀ ਅਣਖ ਨੂੰ ਵੰਗਾਰ ਸਮਝ ਕੇ ਕੀਤਾ ਜਾਵੇ।
(ੲ) ਜੇਲ੍ਹ ਵਿੱਚ ਕੋਈ ਵੀ ਚੀਜ਼ ਬਾਹਰੋਂ ਚੋਰੀ ਮੰਗਵਾ ਕੇ ਨਾ ਵਰਤੀ ਜਾਵੇ, ਕਿਉਂਕਿ ਇਸ ਨਾਲ਼ ਕੌਮੀ ਤੇ ਪਾਰਟੀ ਵਕਾਰ ਨੂੰ ਠੀਸ ਪਹੁੰਚਦੀ ਹੈ।

10 ਦਸੰਬਰ 1915 ਨੂੰ ਗ਼ਦਰੀ ਸੂਰਮਿਆਂ ਨੇ ਕਾਲ਼ੇ ਪਾਣੀ ਦੀ ਜੇਲ੍ਹ ਵਿੱਚ ਦਾਖ਼ਲ ਹੁੰਦਿਆਂ ਹੀ ਇਸ ਰਣਨੀਤੀ ਤੇ ਅਮਲ ਅਰੰਭ ਕਰ ਦਿੱਤਾ। ਕਾਲ਼ੇ ਪਾਣੀ ਦੀ ਜੇਲ੍ਹ ਵਿੱਚ ਕੈਦ ਹੋਣ ਤੋਂ ਬਾਅਦ ਇਹਨਾਂ ਵੇਖਿਆ ਕਿ ਝੋਲ਼ੀ-ਚੁੱਕ ਕੈਦੀਆਂ ਨੂੰ ਨਾ-ਮਾਤਰ ਕੰਮ ਹੀ ਦਿੱਤਾ ਜਾਂਦਾ ਹੈ, ਜਦ ਕਿ ਅਣਖੀਲੇ ਕੈਦੀਆਂ ਤੋਂ ਪਸ਼ੂਆਂ ਵਾਂਗ ਕੰਮ ਲੈਣ ਲਈ ਹਰ ਸੰਭਵ ਸਖ਼ਤੀ ਕੀਤੀ ਜਾਂਦੀ ਹੈ। ਕਾਲ਼ੇ ਪਾਣੀ ਦੀ ਜੇਲ੍ਹ ਵਿੱਚ ਕੈਦੀਆਂ ਨੂੰ ਕੋਹਲੂ ਗੇੜਨ ਦੀ ਮੁਸ਼ੱਕਤ ਕਰਨ ਲਈ ਦਿੱਤੀ ਜਾਂਦੀ ਸੀ।


ਕਾਲ਼ੇਪਾਣੀ ਦੀ ਸੈਲੂਲਰ ਜੇਲ੍ਹ

ਇਹਨਾਂ ਸੂਰਬੀਰਾਂ ਨੇ ਇਕਮੁੱਠ ਹੋ ਕੇ ਪਸ਼ੂਆਂ ਵਾਲ਼ੀ ਮੁਸ਼ੱਕਤ ਕਰਨ ਤੋਂ ਨਾਂਹ ਕਰ ਦਿੱਤੀ ਤੇ ਟਕਰਾਅ ਅਰੰਭ ਹੋ ਗਿਆ। ਅਖ਼ੀਰ ਜੇਲ੍ਹ ਅਫ਼ਸਰ ਇਹਨਾਂ ਸਿੰਘਾਂ ਦੀ ਏਕਤਾ ਅਤੇ ਦ੍ਰਿੜ੍ਹਤਾ ਵੇਖ ਕੇ ਥੋੜ੍ਹਾ ਯਰਕ ਗਏ ਤੇ ਇਹਨਾਂ ਨੂੰ ਕੋਹਲੂ ਦੀ ਥਾਂ ਨਾਰੀਅਲ ਦਾ ਛਿਲਕਾ ਕੁੱਟਣ ਦੀ ਮੁਸ਼ੱਕਤ ਦਿੱਤੀ ਗਈ। ਸੁਪਰਡੈਂਟ ਮਿਸਟਰ ਬੈਰੀ ਨੇ ਖੁੰਧਕ 'ਚ ਗ਼ਦਰੀ ਬਾਬਿਆਂ ਨੂੰ ਨਰਮ ਛਿਲਕੇ ਦੀ ਬਜਾਏ ਖ਼ੁਸ਼ਕ ਛਿਲਕਾ ਦਿੱਤਾ। ਜੇਲ੍ਹ ਨਿਯਮਾਂ ਦੇ ਅਨੁਸਾਰ ਨਵੇਂ ਕੈਦੀਆਂ ਨੂੰ ਕੁਝ ਦਿਨ ਅਰਾਮ ਕਰਵਾਉਣ

ਪਿੱਛੋਂ ਡਾਕਟਰੀ ਮੁਆਇਨਾ ਕਰਵਾ ਕੇ ਡਾਕਟਰ ਦੀ ਸਲਾਹ ਅਨੁਸਾਰ ਮੁਸ਼ੱਕਤ ਦਿੱਤੀ ਜਾਂਦੀ ਹੈ, ਪਰ ਗ਼ਦਰੀ ਵੀਰ ਲੰਮੇ ਸਫ਼ਰ ਪਿੱਛੋਂ ਜਿਸ ਰਾਤ ਕਾਲ਼ੇ ਪਾਣੀ ਦੀ ਜੇਲ੍ਹ 'ਚ ਪਹੁੰਚੇ, ਅਗਲੀ ਸਵੇਰ ਉਹਨਾਂ ਨੂੰ ਮੁਸ਼ੱਕਤਾਂ ਦੇ ਦਿੱਤੀਆਂ ਗਈਆਂ। ਖ਼ੁਸ਼ਕ ਛਿਲਕਾ ਕੁੱਟਦੇ ਹੋਏ ਗ਼ਦਰੀ ਵੀਰਾਂ ਦੇ ਹੱਥ ਲਾਲ ਹੋ ਗਏ, ਛਾਲੇ ਪੈ ਗਏ।

ਮਨੁੱਖੀ ਮਾਨਸਿਕਤਾ ਦੇ ਅਨੁਸਾਰ ਵੇਖੀਏ ਤਾਂ ਕਿੱਥੇ ਬਾਬਾ ਵਿਸਾਖਾ ਸਿੰਘ ਹੋਰੀਂ ਅਮਰੀਕਾ ਦੇ ਕੈਲੇਫੋਰਨੀਆ 'ਚ ਆਪਣੇ ਫਾਰਮ ਵਿੱਚ ਸਰਦਾਰੀਆਂ ਮਾਣ ਰਹੇ ਸਨ ਤੇ ਹੁਣ ਕਿੱਥੇ ਕੌਮਪ੍ਰਸਤੀ ਦੇ ਜਜ਼ਬੇ ਅਧੀਨ ਸਾਰੇ ਸੁਖ ਅਰਾਮਾਂ ਨੂੰ ਲੱਤ ਮਾਰ ਕੇ ਗ਼ਦਰ ਲਹਿਰ ਵਿੱਚ ਸ਼ਾਮਲ ਹੋ ਕੇ ਗ੍ਰਿਫ਼ਤਾਰੀ ਪਿੱਛੋਂ ਕਾਲ਼ੇ ਪਾਣੀ ਦੀ ਜੇਲ੍ਹ 'ਚ ਹੱਥਾਂ ਤੇ ਛਾਲੇ ਪੈ ਜਾਣ ਵਾਲ਼ੀ ਮੁਸ਼ੱਕਤ ਨਿਭਾ ਰਹੇ ਸਨ, ਪਰ ਆਪ ਚੜ੍ਹਦੀ ਕਲਾ ਵਿੱਚ ਰਹਿ ਕੇ ਕੌਮੀ ਤਰਾਨੇ ਗਾਉਂਦੇ ਰਹਿੰਦੇ। ਜੇਲ੍ਹ ਵਾਲ਼ਿਆਂ ਦਾ ਹਥਿਆਰ ਤਾਕਤ ਅਤੇ ਸਖ਼ਤੀ ਸੀ ਅਤੇ ਇਹਨਾਂ ਦਾ ਇਕਮੁੱਠਤਾ ਅਤੇ ਦ੍ਰਿੜ੍ਹਤਾ। ਸਖ਼ਤੀ ਦੇ ਹੱਦੋਂ ਵਧਣ ਨਾਲ਼ ਇਹਨਾਂ ਵੱਲੋਂ ਭੁੱਖ-ਹੜਤਾਲਾਂ ਦਾ ਸਿਲਸਿਲਾ ਅਰੰਭ ਹੋ ਗਿਆ, ਜਿਨ੍ਹਾਂ ਨੇ ਪਹਿਲਾਂ ਹੀ ਤਸੀਹਿਆਂ ਅਤੇ ਕੈਦਾਂ ਦੇ ਭੰਨੇ ਇਹਨਾਂ ਗ਼ਦਰੀਆਂ ਦੇ ਸਰੀਰਾਂ ਤੇ ਬੜਾ ਮਾਰੂ ਅਸਰ ਪਾਇਆ। ਇੱਥੋਂ ਦੀ ਹਾਲਤ ਨੂੰ ਬਾਬਾ ਵਿਸਾਖਾ ਸਿੰਘ ਨੇ ਆਪਣੀ ਕਵਿਤਾ ਵਿੱਚ ਇਸ ਤਰ੍ਹਾਂ ਬਿਆਨ ਕੀਤਾ ਹੈ:-

ਕਾਲ਼ੇ ਪਾਣੀ ਦੀ ਆਬੋ ਹਵਾ ਗੰਦੀ, ਹੋ ਜਾਂਵਦੀ ਬਹੁਤ ਹੈ ਲਿਫ਼ ਉਥੇ।
ਖਾਂਸੀ ਆਣ ਬੁਖ਼ਾਰ ਹੈ ਜ਼ੋਰ ਪੈਂਦਾ, ਹੋ ਜਾਂਦੀ ਹੈ ਵੀਰੋ ਤਪਦਿਕ ਉਥੇ।
ਜਲ਼ ਪੀਣ ਨੂੰ ਵਰਖਾ ਦਾ ਮਿਲ਼ੇ ਉਥੇ, ਕੈਦੀ ਹੋ ਰਹੇ ਹੈਨ ਜੀ ਡਿਕ ਉਥੇ।
ਹਿੰਦੀ ਵੀਰਾਂ ਨੂੰ ਮੁਲਖੋਂ ਲਿਜਾ ਕਰ ਕੇ, ਵਿੱਚ ਨਰਕ ਦੇ ਰਹੇ ਨੇ ਸਿੱਟ ਉਥੇ।
ਫ਼ੀਸਦੀ ਨਾ ਮੁੜ ਕੇ ਪੰਜ ਔਂਦੇ, ਜਗ੍ਹਾ ਜ਼ਾਲਮਾਂ ਲਈ ਜੋ ਇੱਕ ਉਥੇ।
ਸਾਡੇ ਅੱਠ ਸੀ ਵੀਰ ਸ਼ਹੀਦ ਹੋਏ, ਡਾਹੀ ਜ਼ਾਲਮਾਂ ਸਾਮ੍ਹਣੇ ਹਿੱਕ ਉਥੇ।
ਗਾਲ਼ ਰਹੇ ਨੇ ਕੈਦੀ ਪੁਚਾ ਉਥੇ, ਪੁਲਸ ਹਿੰਦੂ
ਤੇ ਮੋਮਨ ਹੈ ਸਿੱਖ ਉਥੇ।
ਗੋਰੇ ਪੁਲਸ ਦੇ ਰਹਿੰਦੇ ਨੇ ਚਾਰ ਸੌ ਜੀ, ਨਾਲ਼
ਅਫ਼ਸਰਾਂ ਦੇ ਹੋ ਕੇ ਇਕਮਿਕ ਉਥੇ।
ਅਸੀਂ ਕੋਠੀਆਂ ਦੇ ਵਿੱਚ ਬੰਦ ਵੀਰੋ,
ਸੁਰਤ ਨਾਮ ਦੇ ਨਾਲ਼ ਅਸੀਂ ਲਾ ਰਹੇ ਸਾਂ।
ਸਿਰ ਤੇ ਜ਼ੁਲਮ ਸਹਾਰ ਕੇ ਜ਼ਾਲਮਾਂ ਦਾ,
ਵਿੱਚ ਦੁੱਖ ਦੇ ਸੁਖ ਮਨਾ ਰਹੇ ਸਾਂ।
ਖਾਣਾ ਖਾਵਣੇ ਨੂੰ ਦਿੰਦੇ ਬਹੁਤ ਥੋੜ੍ਹਾ,
ਭਾਣਾ ਮੰਨ ਕੇ ਝੱਟ ਲੰਘਾ ਰਹੇ ਸਾਂ।
ਸੁਬ੍ਹਾ ਉੱਠ ਥਕੇਵੇਂ ਨੂੰ ਦੂਰ ਕਰਦੇ,
ਸੁੱਕੇ ਮੁਖ ਤੇ ਹੱਥ ਫਿਰਾ ਰਹੇ ਸਾਂ।

ਇਸ ਅਣਮਨੁੱਖੀ ਵਰਤਾਓ ਨੇ ਗ਼ਦਰੀਆਂ ਦੇ ਸਰੀਰਾਂ ਵਿਚਲੀ ਬਿਮਾਰੀਆਂ ਨਾਲ਼


ਕਾਲ਼ੇਪਾਣੀ ਜੇਲ੍ਹ ਦੀਆਂ ਕੋਠੜੀਆਂ

ਲੜਨ ਦੀ ਸਮਰੱਥਾ ਨੂੰ ਕਮਜ਼ੋਰ ਕਰ ਦਿੱਤਾ ਤੇ ਉਹ ਕਈ ਰੋਗਾਂ ਦਾ ਸ਼ਿਕਾਰ ਹੋਣ ਲੱਗੇ। ਕੁਝ ਬਿਰਧ ਬਾਬੇ ਚਲਾਣਾ ਕਰ ਗਏ। ਬਾਬਾ ਵਿਸਾਖਾ ਸਿੰਘ ਨੂੰ ਤਪਦਿਕ ਦਾ ਭਿਆਨਕ ਰੋਗ ਆ ਚੰਬੜਿਆ ਤੇ ਆਪ ਦੇ ਫੇਫੜੇ ਸੁੱਕ ਗਏ, ਪਰ ਆਪ ਚੜ੍ਹਦੀ ਕਲਾ ਵਿੱਚ ਹੱਸ-ਹੱਸ ਕੇ ਤਸੀਹੇ ਸਹਿੰਦੇ ਰਹੇ। ਆਪ ਦੀ ਸਿਹਤ ਦਾ ਮੁਆਇਨਾ ਕਰ ਕੇ ਡਾਕਟਰ ਨੇ ਆਪ ਨੂੰ ਮੱਛੀ ਦਾ ਤੇਲ ਤੇ ਮੱਛੀ ਦੀ ਤਰੀ ਪੀਣ ਲਈ ਕਿਹਾ। ਬਾਬਾ ਵਿਸਾਖਾ ਸਿੰਘ ਬਚਪਨ ਤੋਂ ਹੀ ਸ਼ਾਕਾਹਾਰੀ ਸਨ, ਉਹਨਾਂ ਨੇ ਨਾਂਹ ਕਰ ਦਿੱਤੀ। ਜਦੋਂ ਆਪ ਦੇ ਸਾਥੀ ਬਾਬਾ ਜਵਾਲਾ ਸਿੰਘ ਨੂੰ ਇਹ ਗੱਲ ਪਤਾ ਲੱਗੀ ਤਾਂ ਉਹ ਇਹਨਾਂ ਕੋਲ ਆਏ। ਅਖ਼ੀਰ ਕਾਫ਼ੀ ਚਿਰ ਬਹਿਸ ਪਿੱਛੋਂ ਬਾਬਾ ਵਿਸਾਖਾ ਸਿੰਘ ਮੱਛੀ ਦੀ ਵਰਤੋਂ ਲਈ ਤਿਆਰ ਹੋ ਗਏ। ਬਾਬਾ ਜਵਾਲਾ ਸਿੰਘ ਨੇ ਆਪਣੇ ਹੱਥੀਂ ਉਹਨਾਂ ਨੂੰ ਮੱਛੀ ਦੀ ਤਰੀ ਪਿਆਈ। ਇਸ ਤਰ੍ਹਾਂ ਸਾਥੀਆਂ ਦੇ ਸਹਿਯੋਗ ਅਤੇ ਅੰਦਰੂਨੀ ਸ਼ਕਤੀ ਨਾਲ਼ ਬਾਬਾ ਵਿਸਾਖਾ ਸਿੰਘ ਨੇ ਹਰ ਬਿਮਾਰੀ ਨੂੰ ਮਾਤ ਦੇ ਦਿੱਤੀ।

ਬਾਬਾ ਜਵਾਲਾ ਸਿੰਘ ਜੀ

ਇੱਕ ਜ਼ਿੰਦਾ ਸ਼ਹੀਦ

ਕਾਲ਼ੇ ਪਾਣੀ ਦੀ ਇਸ ਨਰਕੀ ਜੇਲ੍ਹ ਦੇ ਵਿੱਚ ਜੇਲ੍ਹ ਸਟਾਫ਼ ਵੱਲੋਂ ਹੁੰਦੇ ਅੱਤਿਆਚਾਰਾਂ ਦੇ ਕਿੱਸੇ ਬਹੁਤ ਲੰਮੇ ਹਨ, ਪਰ ਹਰ ਜ਼ੁਲਮ ਦਾ ਟਾਕਰਾ ਇਹਨਾਂ ਸੂਰਮਿਆਂ ਨੇ ਸਿਦਕਦਿਲੀ ਅਤੇ ਇਕਮੁਠਤਾ ਨਾਲ਼ ਕੀਤਾ। ਇਸ ਜੇਲ੍ਹ ਵਿੱਚ ਕਈ ਸ਼ਹੀਦੀਆਂ ਹੋਈਆਂ ਤੇ ਸਰਕਾਰੀ ਅੱਤਿਆਚਾਰਾਂ ਦਾ ਸਿੰਘ ਹਰ ਹੀਲੇ ਤਿੱਖਾ ਵਿਰੋਧ ਕਰਦੇ ਰਹੇ। ਮਾਸਟਰ ਚਤਰ ਸਿੰਘ (ਪਿੰਡ ਮਨੇਲੀ, ਫ਼ਤਹਿਗੜ੍ਹ ਸਾਹਿਬ) ਜੋ ਕਿ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਤੇ ਹਮਲਾ ਕਰਨ ਗਏ, ਪਰ ਗ਼ਲਤੀ ਨਾਲ਼ ਇੱਕ ਹੋਰ ਗੋਰੇ ਪ੍ਰੋਫ਼ੈਸਰ ਨੂੰ ਜ਼ਖ਼ਮੀ ਕਰ ਆਏ ਸਨ, ਉਹਨਾਂ ਨੂੰ ਵੀ ਕਾਲ਼ੇ ਪਾਣੀ ਭੇਜਿਆ ਗਿਆ, ਪਰ ਗ਼ਦਰੀ ਬਾਬਿਆਂ ਨੇ ਜੇਲ੍ਹ 'ਚ ਇਹ ਸੋਚ ਕੇ ਉਸ ਦੀ ਗਿਣਤੀ ਵੱਖਰੀ ਪੁਆ ਦਿੱਤੀ ਕਿ ਉਹ ਗ਼ਦਰੀਆਂ ਤੇ ਹੋਣ ਵਾਲ਼ੀਆਂ ਸਖ਼ਤੀਆਂ ਤੋਂ ਬਚਿਆ ਰਹੇਗਾ। ਗਿਣਤੀ ਵੱਖਰੀ ਪਾ ਕੇ ਉਸ ਨੂੰ ਵੱਖਰਾ ਰੱਖ ਦਿੱਤਾ ਗਿਆ, ਕਿਉਂਕਿ ਉਸ ਦਾ ਕੇਸ ਵੱਖਰਾ ਸੀ, ਪਰ ਉਹ ਜਦੋਂ ਗ਼ਦਰੀਆਂ ਤੇ ਜ਼ੁਲਮ ਹੁੰਦਾ ਵੇਖਦਾ ਤਾਂ ਉਸ ਦਾ ਖ਼ੂਨ ਖ਼ੌਲਦਾ। ਉਹ ਇਸ ਜ਼ੁਲਮ ਦਾ ਵਿਰੋਧ ਕਰਦਾ ਰਿਹਾ, ਪਰ ਜੇਲ੍ਹ ਅਫ਼ਸਰ ਹੱਸ ਛੱਡਦੇ।

ਫਿਰ ਇੱਕ ਦਿਨ ਜਦੋਂ ਨਿਯਮਾਂ ਅਨੁਸਾਰ ਹਰ ਮਹੀਨੇ ਵਾਂਗ ਮਾਸਟਰ ਚਤਰ ਸਿੰਘ ਦਾ ਵਜ਼ਨ ਕਰਨ ਲਈ ਸੁਪਰਡੈਂਟ ਮਰੀ ਮੁਲਾਜ਼ਮਾਂ ਨਾਲ਼ ਉਸ ਦੀ ਕੋਠੜੀ ਵਿੱਚ ਆਇਆ ਤਾਂ ਉਸ ਨੇ ਸੁਪਰਡੈਂਟ ਨੂੰ ਉਥੇ ਹੀ ਢਾਹ ਲਿਆ ਤੇ ਚੰਗਾ ਕੁਟਾਪਾ ਚਾੜ੍ਹਿਆ। ਅਖ਼ੀਰ ਸਾਰੇ ਸਿਪਾਹੀ ਟੁੱਟ ਕੇ ਉਸ ਨੂੰ ਪੈ ਗਏ। ਕਾਫ਼ੀ ਕੁੱਟਮਾਰ ਪਿੱਛੋਂ ਅਖ਼ੀਰ ਉਸ ਸੂਰਮੇ ਨੂੰ ਡੰਡਾ ਬੇੜੀ ਲਾ ਕੇ ਕੋਠੜੀ 'ਚ ਬੰਦ ਕਰ ਦਿੱਤਾ ਗਿਆ। ਪੁੱਠੀ ਕੜੀ ਲਾ ਕੇ ਗੁੱਲੀ ਡੰਡੇ ਵਾਂਗ ਨੂੜ ਕੇ ਕੋਠੀ 'ਚ ਸੁੱਟ ਦਿੱਤਾ ਗਿਆ। ਸਾਰੇ ਗ਼ਦਰੀ ਵੀਰਾਂ ਨੇ ਰੋਸ ਪ੍ਰਗਟ ਕੀਤਾ ਕਿ ਜਾਂ ਤਾਂ ਉਸ ਵੀਰ ਦੀਆਂ ਬੇੜੀਆਂ ਵੀ ਲਾਹ ਦਿਓ, ਜਾਂ ਫਿਰ ਸਾਨੂੰ ਵੀ ਉਸੇ ਤਰ੍ਹਾਂ ਹੀ ਬੇੜੀਆਂ ਲਾਓ। ਕਾਫ਼ੀ ਲੰਮਾ

ਸੰਘਰਸ਼ ਚੱਲਿਆ, ਅਖ਼ੀਰ ਸੁਪਰਡੈਂਟ ਬਦਲੀ ਹੋਣ ਪਿੱਛੋਂ ਹੀ ਮਾਸਟਰ ਚਤਰ ਸਿੰਘ ਦੀਆਂ ਪੁੱਠੀਆਂ ਕੜੀਆਂ ਤੇ ਬੇੜੀਆਂ ਲਾਹੀਆਂ ਗਈਆਂ। ਗ਼ਦਰੀ ਸਿੰਘ ਮਾਸਟਰ ਜੀ ਨੂੰ 'ਜ਼ਿੰਦਾ ਸ਼ਹੀਦ' ਕਹਿੰਦੇ ਸਨ।

ਸ੍ਰ. ਭਾਨ ਸਿੰਘ ਸਨੇਤ

ਇਸੇ ਹੀ ਤਰ੍ਹਾਂ ਸ੍ਰ. ਭਾਨ ਸਿੰਘ ਪਿੰਡ ਸਨੇਤ (ਲੁਧਿਆਣਾ) ਨੇ ਇੱਕ ਅੰਗਰੇਜ਼ ਸਿਪਾਹੀ ਨੂੰ ਅੰਗਰੇਜ਼ੀ ਵਿੱਚ ਕੈਦੀਆਂ ਨੂੰ ਗ਼ਲਤ ਬੋਲਦਾ ਸੁਣਿਆ ਤਾਂ ਅੱਗੋਂ ਉਹਨਾਂ ਨੇ ਵੀ ਅੰਗਰੇਜ਼ੀ 'ਚ ਠੋਕ ਕੇ ਉਸੇ ਹੀ ਤਰ੍ਹਾਂ ਦਾ ਜਵਾਬ ਦਿੱਤਾ। ਬੱਸ ਜੇਲ੍ਹ ਅਫ਼ਸਰਾਂ ਨਾਲ਼ ਸੰਘਰਸ਼ ਅਰੰਭ ਹੋ ਗਿਆ। ਭਾਨ ਸਿੰਘ ਨੂੰ ਵੀ ਬੁਰੀ ਤਰ੍ਹਾਂ ਕੁੱਟਿਆ ਗਿਆ, ਜਿਸ ਦੇ ਰੋਸ ਵਜੋਂ ਸਾਰੇ ਗ਼ਦਰੀਆਂ ਨੇ ਕੰਮ ਬੰਦ ਕਰ ਦਿੱਤਾ । ਜੇਲ੍ਹ ਅਮਲਾ ਵੀ ਝੁਕਣ ਲਈ ਤਿਆਰ ਨਾ ਹੁੰਦਾ ਤੇ ਸਿੰਘ ਵੀ ਆਪਣਾ ਸੰਘਰਸ਼ ਭਖਾਈ ਰੱਖਦੇ। ਇਸ ਤਰ੍ਹਾਂ ਫ਼ਰਵਰੀ 1917 ਤੋਂ ਲਗਾਤਾਰ ਕਈ ਤਰ੍ਹਾਂ ਦੇ ਤਸੀਹੇ ਸਹਿੰਦੇ ਹੋਏ ਸ੍ਰ. ਭਾਨ ਸਿੰਘ ਮਿਤੀ 9 ਸਤੰਬਰ 1917 ਨੂੰ ਜੇਲ੍ਹ 'ਚ ਹੀ ਸ਼ਹੀਦੀ ਪ੍ਰਾਪਤ ਕਰ ਗਏ।


ਕਾਲ਼ੇਪਾਣੀ ਜੇਲ੍ਹ ਦਾ ਇੱਕ ਹੋਰ ਅੰਦਰੂਨੀ ਦ੍ਰਿਸ਼ (ਜੇਲ੍ਹ ਹੁਣ ਸੈਲਾਨੀਆਂ ਲਈ ਖੁੱਲ੍ਹੀ ਹੈ)

ਜਾਂਚ ਕਮੇਟੀ

ਕਿਸੇ ਤਰੀਕੇ ਅੰਡੇਮਾਨ ਜੇਲ੍ਹ ਅੰਦਰ ਕੈਦੀਆਂ ਨਾਲ਼ ਹੋ ਰਹੇ ਅਣਮਨੁੱਖੀ ਵਰਤਾਓ ਦੀਆਂ ਖ਼ਬਰਾਂ ਬਾਹਰ ਪੁੱਜ ਗਈਆਂ। ਅਖ਼ਬਾਰਾਂ ਵਿੱਚ ਰੌਲ਼ਾ ਪੈ ਗਿਆ ਤਾਂ ਮਜਬੂਰਨ ਸਰਕਾਰ ਨੂੰ ਇੱਕ ਕਮੇਟੀ ਬਣਾ ਕੇ ਜਾਂਚ-ਪੜਤਾਲ ਕਰਵਾਉਣੀ ਪਈ। ਇਹ ਕਮੇਟੀ ਜਨਵਰੀ 1920 ਵਿੱਚ ਕਾਲ਼ੇ ਪਾਣੀ ਦੇ ਜੇਲ੍ਹ 'ਚ ਪਹੁੰਚੀ। ਇਸ ਕਮੇਟੀ ਨੂੰ ਗ਼ਦਰੀ ਸਿੰਘਾਂ ਨੇ ਬੇਖ਼ੌਫ਼ ਹੋ ਕੇ ਜੇਲ੍ਹ ਪ੍ਰਸ਼ਾਸਨ ਦੇ ਜ਼ੁਲਮਾਂ ਦੇ ਕਿੱਸੇ ਸੁਣਾਏ, ਜਿਸ ਰਾਹੀਂ ਹਕੀਕਤ ਸਾਮ੍ਹਣੇ ਆ ਗਈ। ਇਸ ਕਾਰਨ ਸਰਕਾਰ ਨੂੰ ਗੰਭੀਰ ਹਾਲਤ ਵਾਲ਼ੇ ਕੈਦੀਆਂ ਨੂੰ ਰਿਹਾਅ ਕਰਨਾ ਅਤੇ ਬਾਕੀਆਂ ਨੂੰ ਦੂਜੀਆਂ ਜੇਲ੍ਹਾਂ ਵਿੱਚ ਬਦਲਣਾ ਪਿਆ। ਭਾਵੇਂ ਕਿ ਇੱਕ ਵਾਰ ਹਿੰਦੀ ਕੈਦੀਆਂ ਦੇ ਵਿਕ ਜਾਣ ਕਾਰਨ ਇਹ ਜੇਲ੍ਹ ਬਦਲੀ ਟਲ ਗਈ, ਪਰ ਪੰਥ ਦੇ ਰੋਸ ਕਾਰਨ ਅਖ਼ੀਰ ਕੈਦੀਆਂ ਦੀਆਂ ਜੇਲ੍ਹਾਂ ਬਦਲੀਆਂ ਗਈਆਂ ਅਤੇ ਬਾਬਾ ਵਿਸਾਖਾ ਸਿੰਘ ਦੀ ਖ਼ਰਾਬ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ ਆਪ ਨੂੰ 14 ਅਪ੍ਰੈਲ 1920 ਨੂੰ ਰਿਹਾਅ ਕਰ ਕੇ ਪੁਲੀਸ ਦੀ ਨਿਗਰਾਨੀ ਹੇਠ ਪੰਜਾਬ ਪਹੁੰਚਾ ਦਿੱਤਾ ਗਿਆ। ਪਰ ਹਿੰਦੀ ਕੈਦੀਆਂ ਦੀ ਗ਼ੱਦਾਰੀ ਨੇ ਬਾਬਾ ਵਿਸਾਖਾ ਸਿੰਘ ਜੀ ਦੇ ਨਿਰਮਲ ਮਨ ਤੇ ਬੜਾ ਅਸਰ ਕੀਤਾ, ਜਿਸ ਬਾਰੇ ਉਹਨਾਂ ਨੇ ਲਿਖਿਆ:-

ਅੰਡੇਮਾਨ ਫਿਰ ਵੀਰੋ ਕਮੇਟੀ ਪਹੁੰਚੀ, ਅਸਾਂ ਉਸ ਨੂੰ ਜ਼ੁਲਮ ਚਤਾਇਆ ਸੀ।
ਵਰਤੇ ਕਹਿਰ ਜੋ ਅੰਡੇਮਾਨ ਅੰਦਰ, ਚੰਗੀ ਤਰ੍ਹਾਂ ਫਿਰ ਅਸਾਂ ਬਤਾਇਆ ਸੀ।
ਸੱਤ ਚਿੱਠੀਆਂ ਦਿੱਤੀਆਂ ਲਿਖ ਕਰ ਕੇ, ਹੱਛੀ ਤਰ੍ਹਾਂ ਵਿੱਚ ਜ਼ੁਲਮ ਲਖਾਇਆ ਸੀ।
ਜ਼ਾਲਮ ਜ਼ੁਲਮ ਜੋ ਰੋਜ਼ ਕਮਾ ਰਹੇ ਸੀ, ਬੋਲ ਮੁੱਖੋਂ ਭੀ ਕਹਿ ਸੁਣਾਇਆ ਸੀ।
ਵਰਤੇ ਜ਼ੁਲਮ ਜੋ ਦੱਸੇ ਕਮੇਟੀ ਨੂੰ ਜੀ, ਹਾਂ ਉਹਨਾਂ ਦੇ ਮੁੱਖੋਂ ਕਰਾਇਆ ਸੀ।
ਅਖ਼ੀਰ ਨਿੱਬੜੀ ਏਹੋ ਸੀ ਬਾਤ ਵੀਰੋ, ਕਾ.ਲਾ ਪਾਣੀ ਫਿਰ ਅਸਾਂ ਤੁੜਾਇਆ ਸੀ।
ਗੌਰਮਿੰਟ ਫਿਰ ਫ਼ੈਸਲੇ ਕਰ ਸਾਰੇ, ਨਸ਼ਰ ਵਿੱਚ ਅਖ਼ਬਾਰਾਂ ਕਰਾਇਆ ਸੀ।
ਅੰਡੇਮਾਨ ਹੈ ਅਸਾਂ ਨੇ ਤੋੜ ਦਿੱਤਾ, ਗੌਰਮਿੰਟ ਐਲਾਨ ਕਢਾਇਆ ਸੀ।
ਥੋੜ੍ਹੇ ਕੈਦੀ ਭੀ ਮੁਲਖ ਭਿਜਵਾਏ ਓਥੋਂ, ਟੁੱਟ ਗਿਆ ਜੁ ਨਜ਼ਰ ਫਿਰ ਆਇਆ ਸੀ।
ਪਿੱਛੋਂ ਸੋਚ ਵਿਚਾਰ ਫਿਰ ਜ਼ਾਲਮਾਂ ਨੇ, ਨਵਾਂ ਹੋਰ ਹੀ ਢੰਗ ਅਪਣਾਇਆ ਸੀ।
ਅੰਡੇਮਾਨ ਵਿੱਚ ਜਾ.ਲ ਵਿਛਾਏ ਮਿੱਠੇ, ਹਿੰਦੀ ਵੀਰਾਂ ਨੂੰ ਓਥੇ ਵਰਗਲਾਇਆ ਸੀ।
ਆਖ ਵੇਖ ਕੇ ਕੈਦੀਆਂ ਹਿੰਦੀਆਂ ਨੂੰ, ਝੂਠੇ ਲਾਲਚਾਂ ਵਿੱਚ ਫਸਾਇਆ ਸੀ।
ਤੁਹਾਨੂੰ ਅਮਕਾ ਫ਼ੈਦਾ ਅਸੀਂ ਦੇਈਏ, ਸਾਰੇ ਕੈਦੀਆਂ ਮਗਰ ਲਗਾਇਆ ਸੀ।
ਅਸੀਂ ਸਾਰੇ ਹਾਂ ਏਥੇ ਹੀ ਰਹਿਣਾ ਚਾਹੁੰਦੇ, ਹਿੰਦੀ ਕੈਦੀਆਂ ਤੋਂ ਅਖਵਾਇਆ ਸੀ।
ਬੱਸ ਫੇਰ ਕੀ ਦਾਅ ਸੀ ਲੱਗ ਗਿਆ, ਇਹਨਾਂ ਜ਼ਾਲਮਾਂ ਲੈਣਾ ਜੋ ਚਾਹਿਆ ਸੀ।
ਅੰਡੇਮਾਨ ਫਿਰ ਤੋੜਨੋਂ ਰੋਕ ਲੀਤਾ, ਸਭ ਕੈਦੀ ਫਿਰ ਓਥੇ ਰਖਾਇਆ ਸੀ।
ਇਹਨਾਂ ਜ਼ਾਲਮਾਂ ਦਾ ਮਨਸ਼ਾ ਹੋਇਆ ਪੂਰਾ, ਕਿਸੇ ਇਹਨਾਂ ਨੂੰ ਨਾ ਅਟਕਾਇਆ ਸੀ।
ਅੱਗੇ ਵਾਂਗ ਹੀ ਏਹ ਨੇ ਜ਼ੁਲਮ ਕਰਦੇ, ਰੱਖ ਕੈਦੀ ਸਭ ਓਥੇ ਖਪਾਇਆ ਸੀ।
ਹੁਣ ਲਿਖ ਤੂੰ ਅਗਲਾ ਹਾਲ ਭਾਈ, ਤੇਰੇ ਨਾ.ਲ ਜੋ ਕਹਿਰ ਵਰਤਾਇਆ ਸੀ।

ਅਣਥੱਕ ਸੇਵਾ ਦੇ ਮੈਦਾਨ ਵਿੱਚ

ਜੇਲ੍ਹ ਤੋਂ ਬਾਹਰ ਆਉਂਦਿਆਂ ਹੀ ਬਾਬਾ ਵਿਸਾਖਾ ਸਿੰਘ ਦਾ ਇਲਾਜ ਅਰੰਭ ਹੋਇਆ। ਡਾਕਟਰ ਨੇ ਆਪ ਦੇ ਫੇਫੜਿਆਂ ਦਾ ਮੁਆਇਨਾ ਕਰ ਕੇ ਹੈਰਾਨੀ ਪ੍ਰਗਟ ਕੀਤੀ ਕਿ ਆਪ ਤੁਰੇ ਕਿਸ ਆਸਰੇ ਫਿਰਦੇ ਹਨ ? ਪਰ ਇਸ ਗੰਭੀਰ ਹਾਲਤ ਵਿੱਚ ਵੀ ਬਾਬਾ ਵਿਸਾਖਾ ਸਿੰਘ ਨਾਂ ਦੇ ਇਸ ਮਹਾਨ ਜਰਨੈਲ ਨੇ ਇੱਕ ਸੰਸਥਾ ਦਾ ਕੰਮ ਇਕੱਲਿਆਂ ਹੀ ਅਰੰਭ ਦਿੱਤਾ । ਉਹ ਕੰਮ, ਜਿਸ ਨੂੰ ਸੰਸਥਾਵਾਂ ਨੇ ਅਣਗੌਲ਼ਿਆਂ ਛੱਡਿਆ ਹੋਇਆ ਸੀ। ਇਹ ਮਹਾਨ ਅਤੇ ਅਤੀ ਜ਼ਰੂਰੀ ਮਿਸ਼ਨ ਸੀ, ਗ਼ਦਰੀਆਂ ਦੇ ਦਰ-ਦਰ ਤੇ ਰੁਲ਼ਦੇ-ਫਿਰਦੇ ਪਰਿਵਾਰਾਂ ਦੀ ਸਾਂਭ-ਸੰਭਾਲ਼ ਗ਼ਦਰੀਆਂ ਦੇ ਪਰਿਵਾਰਾਂ ਦੀ ਆਰਥਿਕ ਮਦਦ, ਉਹਨਾਂ ਦੇ ਬੱਚਿਆਂ ਦੀ ਪੜ੍ਹਾਈ, ਦੂਰ-ਦੁਰਾਡੀਆਂ ਜੇਲ੍ਹਾਂ ਵਿੱਚ ਬੰਦ ਗ਼ਦਰੀਆਂ ਨਾਲ਼ ਉਹਨਾਂ ਦੇ ਪਰਿਵਾਰਾਂ ਦੀਆਂ ਮੁਲਾਕਾਤਾਂ ਦਾ ਪ੍ਰਬੰਧ ਅਤੇ ਗ਼ਦਰੀਆਂ ਦੇ ਕੇਸਾਂ ਦੀ ਪੈਰਵਾਈ ਕਰ ਕੇ ਉਹਨਾਂ ਨੂੰ ਜੇਲ੍ਹਾਂ ਵਿੱਚੋਂ ਬਾਹਰ ਕਢਵਾਉਣ ਦੇ ਯਤਨ ਕਰਨੇ । ਇਹ ਅਹਿਮ ਮਿਸ਼ਨ ਬਾਬਾ ਵਿਸਾਖਾ ਸਿੰਘ ਨੇ ਭਾਵੇਂ ਇਕੱਲੇ ਹੀ ਅਰੰਭ ਕੀਤਾ, ਪਰ ਵੇਖਦੇ ਹੀ ਵੇਖਦੇ ਇਸ ਮਿਸ਼ਨ ਲਈ ਆਪ ਦੇ ਪਿੱਛੇ ਇੱਕ ਵੱਡਾ ਕਾਫ਼ਲਾ ਤੁਰ ਪਿਆ । ਇਸ ਮਕਸਦ ਲਈ ਬਾਬਾ ਜੀ ਦੀ ਸਰਪ੍ਰਸਤੀ ਵਿੱਚ 'ਸਿੱਖ ਦੇਸ਼ ਭਗਤ ਕਮੇਟੀ' ਕਾਇਮ ਹੋ ਗਈ। ਆਪ ਨੇ ਇਸ ਮੌਕੇ ਜੋ ਪ੍ਰੇਰਨਾਮਈ ਵੰਗਾਰ ਕੌਮ ਨੂੰ ਪਾਈ, ਉਹ ਖ਼ੁਦ ਉਹਨਾਂ ਦੇ ਸ਼ਬਦਾਂ ਵਿੱਚ ਇਸ ਤਰ੍ਹਾਂ ਸੀ:-

ਦੇਸ਼ ਭਗਤਾਂ ਦੇ ਦੁਖੀ ਪਰਿਵਾਰ ਸਮਝੋ, ਰਲ਼ ਕੇ ਦੁੱਖ ਵੰਡਾਓ ਜੀ ਵੀਰ ਸਾਰੇ।
ਸਾਂਝਾ ਕੰਮ ਏ ਸਾਰੇ ਇਲਾਕਿਆਂ ਦਾ, ਸੇਵਾ ਏਸ ਨੂੰ ਸਿੱਧੇ ਹੋ ਤੀਰ ਸਾਰੇ।
ਵੱਡਾ ਕੰਮ ਕੀ ਦੱਸ ਰਿਹਾਂ ਆਪ ਨੂੰ ਮੈਂ, ਕੱਢ ਲਵੋ ਜੇ ਤੁਸੀਂ ਲਕੀਰ ਸਾਰੇ।
ਆਪਸ ਵਿੱਚ 'ਤਫ਼ਾਕ ਜੇ ਕਰੋ ਭਾਈਓ, ਚੀਰ ਪਰਬਤਾਂ ਕਰ ਦਈਏ ਲੀਰ ਸਾਰੇ।
ਸਮਝੋ ਆਪ ਦੇ ਸਿਰ ਤੇ ਕਰਜ਼ ਵੀਰੋ, ਜਲਦੀ ਲਾਹ ਦਈਏ ਪਾਓ ਵਹੀਰ ਸਾਰੇ।
ਜੂਝ ਗਏ ਜੋ ਮੁਲਕ ਦੀ ਸੇਵ ਅੰਦਰ, ਕਰੋ ਉਹਨਾਂ ਦੀ ਹੁਣ ਸੰਭਾਲ਼ ਸਾਰੇ।
ਬਾਲ ਬੱਚੇ ਦੀ ਲੈ ਕਰ ਖ਼ਬਰ ਛੇਤੀ, ਬਣੋ ਉਹਨਾਂ ਦੇ ਤੁਸੀਂ ਰਖਵਾਲ਼ ਸਾਰੇ।

ਆਪ ਨੇ ਗ਼ਦਰੀਆਂ ਦੇ ਪਰਿਵਾਰਾਂ ਦੀ ਸਾਂਭ-ਸੰਭਾਲ਼ ਦੇ ਨਾਲ਼ ਹੀ ਗ਼ਦਰੀ ਸੂਰਬੀਰਾਂ ਦੀਆਂ ਯਾਦਾਂ ਨੂੰ ਸੰਭਾਲ਼ਣ ਦਾ ਕੰਮ ਵੀ ਹੱਥ ਵਿੱਚ ਲਿਆ। ਜਲੰਧਰ ਵਿਚਲੇ ਦੇਸ਼-ਭਗਤ ਯਾਦਗਾਰ ਹਾਲ ਦੇ ਦਰਸ਼ਨ ਕਰ ਕੇ ਜਿੱਥੇ ਅੱਜ ਹਰ ਇੱਕ ਨਾਗਰਿਕ ਇਹਨਾਂ ਦੇਸ਼-ਭਗਤਾਂ ਦਾ ਸ਼ੁਕਰਗੁਜ਼ਾਰ ਹੁੰਦਾ ਹੈ, ਓਥੇ ਇਹ ਹਾਲ ਖ਼ੁਦ ਬਾਬਾ ਵਿਸਾਖਾ ਸਿੰਘ ਦਾ ਸ਼ੁਕਰਗੁਜ਼ਾਰ

ਹੁੰਦਾ ਪ੍ਰਤੀਤ ਹੁੰਦਾ ਹੈ, ਕਿਉਂਕਿ ਉਸ ਦੀ ਹੋਂਦ ਪਿੱਛੇ ਤਜ਼ਵੀਜ਼ ਤੋਂ ਲੈ ਕੇ ਉਸਾਰੀ ਤਕ ਬਾਬਾ ਵਿਸਾਖਾ ਸਿੰਘ ਦੀ ਦ੍ਰਿੜ੍ਹ ਲਗਨ ਕੰਮ ਕਰਦੀ ਰਹੀ ਸੀ। ਬਾਬਾ ਵਿਸਾਖਾ ਸਿੰਘ ਜੀ ਦੇ ਦਿਲ ਅੰਦਰ ਸੰਘਰਸ਼ ਦਾ ਮਾਦਾ ਕਿੰਨਾ ਭਰਪੂਰ ਸੀ, ਇਸ ਦਾ ਪਤਾ ਇੱਕ ਘਟਨਾ ਤੋਂ ਲੱਗਦਾ ਹੈ।

ਬਾਬਾ ਈਸ਼ਰ ਸਿੰਘ ਮਰਹਾਣਾ, ਬਾਬਾ ਗੁਰਦਿੱਤ ਸਿੰਘ ਸਰਹਾਲੀ (ਕਾਮਾਗਾਟਾਮਾਰੂ) ਅਤੇ ਬਾਬਾ ਵਿਸਾਖਾ ਸਿੰਘ

ਗੁਰੂ ਕਾ ਬਾਗ਼ ਦਾ ਮੋਰਚਾ, ਜਿਸ ਵਿੱਚ ਨਿਹੱਥੇ ਅਤੇ ਸ਼ਾਂਤਮਈ ਅਕਾਲੀ ਵੀਰਾਂ ਨੂੰ ਅੰਗਰੇਜ਼ ਪੁਲੀਸ ਵੱਲੋਂ ਬੇਰਹਿਮੀ ਨਾਲ਼ ਡਾਂਗਾਂ ਨਾਲ਼ ਕੁੱਟਿਆ ਜਾਂਦਾ ਸੀ, ਦੇ ਹਾਲਾਤ ਵੇਖ ਕੇ ਬਾਬਾ ਜੀ ਵੀ ਆਪਣੇ ਇਲਾਕੇ 'ਚੋਂ 100 ਸਿੰਘਾਂ ਦਾ ਜਥਾ ਲੈ ਕੇ ਗੁਰੂ ਕਾ ਬਾਗ਼ ਜਾਣ ਲਈ ਤਿਆਰ ਹੋ ਪਏ। ਇਸ ਵੇਲ਼ੇ ਉਹਨਾਂ ਦੀ ਸਿਹਤ ਦਾ ਹਾਲ ਇਸ ਤਰ੍ਹਾਂ ਸੀ ਕਿ ਉਹਨਾਂ ਅੰਦਰ ਸ਼੍ਰੋਮਣੀ ਕਮੇਟੀ ਦੇ ਦਫ਼ਤਰ 'ਚ ਜਾਣ ਲਈ ਪੌੜੀਆਂ ਚੜ੍ਹਨ ਦੀ ਤਾਕਤ ਵੀ ਨਹੀਂ ਸੀ, ਪਰ ਦਰਬਾਰ ਸਾਹਿਬ ਪਹੁੰਚ ਕੇ ਉਹਨਾਂ ਨੇ ਸੁਨੇਹਾ ਭੇਜ ਕੇ ਜਥੇਦਾਰ ਤੇਜਾ ਸਿੰਘ ਸਮੁੰਦਰੀ ਜੀ ਨੂੰ ਹੇਠਾਂ ਹੀ ਸੱਦ ਲਿਆ।

ਜਦੋਂ ਜਥੇਦਾਰ ਸਮੁੰਦਰੀ ਜੀ ਨੂੰ ਪਤਾ ਲੱਗਾ ਕਿ ਬਾਬਾ ਵਿਸਾਖਾ ਸਿੰਘ ਜੀ ਜਥੇ ਨਾਲ਼ ਜਾਣਾ ਚਾਹੁੰਦੇ ਹਨ, ਤਾਂ ਉਹਨਾਂ ਨੇ ਬਾਕੀ ਜਥੇ ਨੂੰ ਭੇਜਣਾ ਤਾਂ ਮੰਨ ਲਿਆ, ਪਰ ਬਾਬਾ ਵਿਸਾਖਾ ਸਿੰਘ ਜੀ ਦੀ ਕਮਜ਼ੋਰ ਸਿਹਤ ਕਾਰਨ ਉਹਨਾਂ ਨੂੰ ਜਥੇ ਨਾਲ਼ ਭੇਜਣ ਦੀ ਗੱਲ ਨਾ ਮੰਨੀ। ਫਿਰ ਵੀ ਬਾਬਾ ਵਿਸਾਖਾ ਸਿੰਘ ਨੇ ਦੱਸ ਦਿੱਤਾ ਕਿ ਸੰਘਰਸ਼ ਸਿਰਫ਼ ਤਕੜੇ ਸਰੀਰਾਂ ਨਾਲ਼ ਹੀ ਨਹੀਂ, ਤਕੜੇ ਇਰਾਦਿਆਂ ਨਾਲ਼ ਵੀ ਲੜੇ ਜਾਂਦੇ ਹਨ।

ਕਿਰਤੀ ਕਿਸਾਨ ਲਹਿਰ

ਸੰਨ 1926 ਵਿੱਚ ਅਰੰਭ ਹੋਈ ਕਿਰਤੀ ਕਿਸਾਨ ਲਹਿਰ ਦਾ ਸੋਮਾ ਭਾਵੇਂ ਗ਼ਦਰ ਲਹਿਰ ਹੀ ਸੀ, ਪਰ ਇਹ ਏਨੇ ਜੋਸ਼ ਨਾਲ਼ ਸ਼ਾਇਦ ਅਰੰਭ ਨਾ ਹੋ ਸਕਦੀ, ਜੇਕਰ ਬਾਬਾ ਵਿਸਾਖਾ ਸਿੰਘ ਨੇ ਗ਼ਦਰ ਲਹਿਰ 'ਚੋਂ ਉਪਜੀਆਂ ਪੀੜਾਂ ਹਰਨ ਲਈ ਅਣਥੱਕ ਘਾਲਣਾਵਾਂ ਨਾ ਘਾਲ਼ੀਆਂ ਹੁੰਦੀਆਂ। ਇੱਥੋਂ ਤਕ ਕਿ ਇਸ ਨਵੀਂ ਲਹਿਰ ਦਾ ਆਰਥਿਕ ਥੰਮ੍ਹ ਅਖ਼ੀਰ ਤਕ 'ਸਿੱਖ ਦੇਸ਼ ਭਗਤ ਕਮੇਟੀ' ਹੀ ਬਣੀ ਰਹੀ। ਇਹੀ ਕਾਰਨ ਸੀ ਕਿ ਆਪ ਫਿਰ ਸਰਕਾਰ ਦੀਆਂ ਨਜ਼ਰਾਂ ਵਿੱਚ ਰੜਕਣ ਲੱਗ ਪਏ। ਇਸ ਲਹਿਰ ਨਾਲ਼ ਜੁੜੇ ਕੁਝ ਨਾਸਤਿਕ ਵਿਚਾਰਾਂ ਵਾਲ਼ੇ ਸੱਜਣ ਵੀ ਆਪ ਦੀ ਆਸਤਿਕਤਾ ਅੱਗੇ ਸਿਰ ਝੁਕਾਉਂਦੇ ਸਨ। ਇਹੀ ਕਾਰਨ ਸੀ ਕਿ ਆਪ ਕਿਰਤੀ ਕਿਸਾਨ ਲਹਿਰ ਅਤੇ ਸਿੱਖਾਂ ਦੇ ਧਾਰਮਿਕ ਹਲਕਿਆਂ ਦੋਵੇਂ ਪਾਸੇ ਸਤਿਕਾਰਯੋਗ ਸਮਝੇ ਜਾਂਦੇ ਸਨ। ਆਪ ਬਾਰੇ ਸਿੱਖ-ਸੰਗਤਾਂ ਵਿੱਚ ਇਹ ਵਿਸ਼ਵਾਸ ਪ੍ਰਚਲਿਤ ਹੋ ਚੁੱਕਾ ਸੀ ਕਿ ਆਪ ਦੀ ਕੀਤੀ ਅਰਦਾਸ ਕਦੇ ਬਿਰਥੀ ਨਹੀਂ ਜਾਂਦੀ; ਇਸ ਬਾਰੇ ਕਈ ਕਿੱਸੇ ਅਜੇ ਤਕ

ਪ੍ਰਸਿੱਧ ਹਨ।

ਬਾਬਾ ਵਿਸਾਖਾ ਸਿੰਘ ਜੀ ਦੇ ਉੱਚੇ-ਸੁੱਚੇ ਧਾਰਮਿਕ ਜੀਵਨ ਕਾਰਨ ਹੀ 21 ਅਕਤੂਬਰ 1934 ਨੂੰ ਸ਼੍ਰੋਮਣੀ ਕਮੇਟੀ ਦੀ ਜਨਰਲ ਇਕੱਤਰਤਾ ਨੇ ਆਪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਨਿਯੁਕਤ ਕੀਤਾ। ਆਪ ਨੇ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਸਿਰਫ਼ ਦੋ ਕੁ ਮਹੀਨੇ ਹੀ ਸੰਭਾਲ਼ੀ ਅਤੇ ਫਿਰ ਇੱਕ ਅਫ਼ਸਰ ਨੂੰ ਆਪ ਦੀ ਗ਼ੈਰ-ਹਾਜ਼ਰੀ ਵਿੱਚ ਸਨਮਾਨਿਤ ਕੀਤੇ ਜਾਣ ਦੇ ਰੋਸ ਵਜੋਂ ਆਪ ਮਿਤੀ 24 ਦਸੰਬਰ 1934 ਨੂੰ ਅਸਤੀਫ਼ਾ ਦੇ ਕੇ ਲਾਂਭੇ ਹੋ ਗਏ। ਦੋ ਮਹੀਨੇ ਦੀ ਸੇਵਾ ਕਾਰਨ ਕਈ ਸੱਜਣ ਇਹ ਮੰਨਣ ਲਈ ਤਿਆਰ ਨਹੀਂ ਹੁੰਦੇ ਕਿ ਬਾਬਾ ਵਿਸਾਖਾ ਸਿੰਘ ਜੀ ਵੀ ਅਕਾਲ ਤਖ਼ਤ ਦੇ ਜਥੇਦਾਰ ਰਹੇ ਹਨ। ਇਸੇ ਲਈ ਡਾ. ਬਲਕਾਰ ਸਿੰਘ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਬਾਰੇ ਜਿਹੜੀ ਕਿਤਾਬ ਲਿਖੀ ਹੈ, ਉਸ ਦੇ ਅਖ਼ੀਰ ਤੇ ਜਥੇਦਾਰਾਂ ਦੀ ਲਿਸਟ ਵਿੱਚ ਆਪ ਦਾ ਨਾਂ ਨਹੀਂ ਹੈ, ਪਰ ਇਸ ਹਕੀਕਤ ਦੀ ਪੁਸ਼ਟੀ ਸ਼੍ਰੋਮਣੀ ਕਮੇਟੀ ਦੇ ਰਿਕਾਰਡ ਵਿੱਚੋਂ ਕੀਤੀ ਜਾ ਸਕਦੀ ਹੈ। ਇਸ ਸੰਬੰਧੀ ਇੱਕ ਉਪਲਬਧ ਮਤਾ ਇਸ ਪ੍ਰਕਾਰ ਹੈ:-

ਭਾਈ ਸਾਹਿਬ ਭਾਈ ਰਣਧੀਰ ਸਿੰਘ ਹੋਰਾਂ ਨਾਲ ਬਾਬਾ ਵਿਸਾਖਾ ਸਿੰਘ ਜੀ

"ਸ੍ਰ. ਸਰਮੁਖ ਸਿੰਘ ਚਮਕ ਦੀ ਤਜ਼ਵੀਜ਼, ਸ੍ਰ. ਨਿਰੰਜਨ ਸਿੰਘ ਮਹਿਰਾਜ ਦੀ ਤਾਈਦ ਅਤੇ ਬਾਬਾ ਈਸ਼ਰ ਸਿੰਘ ਮਰਹਾਣਾ ਦੀ ਤਾਈਦ ਮਜੀਦ ਨਾ.ਲ ਇਹ ਮਤਾ ਸਰਬ-ਸੰਮਤੀ ਸਹਿਤ ਪ੍ਰਵਾਨ ਹੋਇਆ ਕਿ ਸ੍ਰੀ ਮਾਨ ਬਾਬਾ ਵਿਸਾਖਾ ਸਿੰਘ ਜੀ ਪਿੰਡ ਦਦੇਹਰ ਜ਼ਿਲ੍ਹਾ ਅੰਮ੍ਰਿਤਸਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਨਿਯਤ ਕੀਤਾ ਜਾਵੇ"।

(ਸ਼ਮਸ਼ੇਰ ਸਿੰਘ ਅਸ਼ੋਕ, ਸ਼੍ਰੋਮਣੀ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ, ਛਾਪ 1982, ਪੰਨਾ 120)

ਇੱਕ ਹੋਰ ਜੰਗ

ਸਤੰਬਰ 1939 ਨੂੰ ਦੂਜੀ ਸੰਸਾਰ ਜੰਗ ਅਰੰਭ ਹੁੰਦੇ ਹੀ ਇਨਕਲਾਬੀ ਸਰਗ਼ਰਮੀਆਂ ਤੋਂ ਭੈ-ਭੀਤ ਅੰਗਰੇਜ਼ ਸਰਕਾਰ ਨੇ 'ਖ਼ਤਰਨਾਕ' ਸਮਝੇ ਜਾਂਦੇ ਲੋਕਾਂ ਦੀ ਫੜੋ-ਫੜੀ ਸ਼ੁਰੂ ਕੀਤੀ ਤਾਂ ਬਾਬਾ ਵਿਸਾਖਾ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਆਪ ਨੂੰ ਗ੍ਰਿਫ਼ਤਾਰ ਕਰ ਕੇ ਦਿਓਲੀ ਕੈਂਪ ਕੋਟਾ ਜੇਲ੍ਹ, ਰਾਜਸਥਾਨ ਵਿੱਚ ਹੋਰ ਦੇਸ਼ ਭਗਤਾਂ ਸਮੇਤ ਕੈਦ ਰੱਖਿਆ ਗਿਆ।

ਜੇਲ੍ਹਾਂ ਦੇ ਨਾਲ਼ ਹੀ ਬੇਇਨਸਾਫ਼ੀ ਅਤੇ ਬੇਇਨਸਾਫ਼ੀ ਦੇ ਨਾਲ਼ ਹੀ ਫਿਰ ਤੋਂ ਭੁੱਖ ਹੜਤਾਲ ਦੀ ਸ਼ੁਰੂਆਤ ਹੋਈ। ਕਮਜ਼ੋਰ ਸਿਹਤ ਦੇ ਬਾਵਜੂਦ ਬਾਬਾ ਵਿਸਾਖਾ ਸਿੰਘ ਆਪਣੇ ਸਾਥੀਆਂ ਦੇ ਰੋਕਦੇ-ਰੋਕਦੇ ਭੁੱਖ ਹੜਤਾਲ ਵਿੱਚ ਸ਼ਾਮਲ ਹੋ ਜਾਂਦੇ। ਇੱਥੇ ਇੱਕ ਲੰਮੀ ਭੁੱਖ ਹੜਤਾਲ ਵਿੱਚ ਕੈਦੀਆਂ ਨੇ ਬਾਬਾ ਵਿਸਾਖਾ ਸਿੰਘ ਨੂੰ ਭੁੱਖ ਹੜਤਾਲ 'ਚ ਸ਼ਾਮਲ ਨਾ ਹੋਣ ਦਾ ਹੁਕਮ ਸੁਣਾਇਆ। ਬਾਬਾ ਜੀ ਨੇ ਹੁਕਮ ਤਾਂ ਮੰਨ ਲਿਆ, ਪਰ ਲੰਗਰ ਜਾ ਕੇ ਬਿਨਾਂ ਕੁਝ ਛਕਿਆਂ ਹੀ ਵਾਪਸ ਆ ਜਾਂਦੇ। ਇਸ ਦਾ ਪਤਾ ਓਦੋਂ ਲੱਗਾ, ਜਦੋਂ ਆਪ ਇੱਕ ਵਾਰ ਬੇਹੋਸ਼ ਹੋ ਕੇ ਡਿੱਗ ਪਏ। ਬਾਬਾ ਜੀ ਦੇ ਸਾਥੀਆਂ ਨੂੰ ਆਪ ਦਾ ਸਰੀਰ ਬੇਹੱਦ ਕਮਜ਼ੋਰ ਹੋਣ ਕਾਰਨ ਜਿੱਥੇ ਫ਼ਿਕਰਮੰਦ ਰੱਖਦਾ ਸੀ, ਓਥੇ ਇਸ ਕਮਜ਼ੋਰ ਸਰੀਰ ਤੋਂ ਹੀ ਅੰਗਰੇਜ਼ ਸਰਕਾਰ ਸਭ ਤੋਂ ਵਧੇਰੇ ਭੈ-ਭੀਤ ਸੀ। ਸਰਕਾਰ ਆਪ ਦੀਆਂ ਸਰਗ਼ਰਮੀਆਂ ਬੰਦ ਕਰਨੀਆਂ ਚਾਹੁੰਦੀ ਸੀ, ਇਸ ਲਈ ਇੱਕ ਅਜੀਬ ਹੀ ਖੇਡ ਅਰੰਭ ਹੋ ਗਈ। ਸਰਕਾਰ ਨੂੰ ਜਦੋਂ ਬਾਬਾ ਵਿਸਾਖਾ ਸਿੰਘ ਜੇਲ੍ਹ ਵਿੱਚ ਕੁਝ ਹੀ ਦਿਨ ਦੇ ਪ੍ਰਾਹੁਣੇ ਜਾਪਦੇ ਤਾਂ ਉਹਨਾਂ ਨੂੰ ਰਿਹਾਅ ਕਰ ਦਿੱਤਾ ਜਾਂਦਾ। ਪਰ ਬਾਹਰ ਜਾ ਕੇ ਬਾਬਾ ਜੀ ਫਿਰ ਸਰਗ਼ਰਮ ਹੋ ਜਾਂਦੇ ਤਾਂ ਫਿਰ ਕੋਈ ਬਹਾਨਾ ਬਣਾ ਕੇ ਫਿਰ ਗ੍ਰਿਫ਼ਤਾਰ ਕਰ ਲਿਆ ਜਾਂਦਾ। ਦੂਜੀ ਵਿਸ਼ਵ ਜੰਗ 'ਚ ਜਦੋਂ ਜਰਮਨੀ ਨੇ ਰੂਸ ਉੱਤੇ ਹਮਲਾ ਕਰ ਦਿੱਤਾ ਤਾਂ ਦੇਸ਼ ਦੇ ਸਾਰੇ ਕਮਿਊਨਿਸਟ ਝੱਟ ਪਾਲਾ ਬਦਲ ਕੇ ਅੰਗਰੇਜ਼ਾਂ ਦੇ ਹੱਕ 'ਚ ਹੋ ਗਏ, ਪਰ ਬਾਬਾ ਵਿਸਾਖਾ ਸਿੰਘ ਨੇ ਅੰਗਰੇਜ਼ਾਂ ਦਾ ਵਿਰੋਧ ਜਾਰੀ ਰੱਖਿਆ, ਜਿਸ ਕਾਰਨ ਫ਼ਰਵਰੀ 1942 ਵਿੱਚ ਆਪ ਨੂੰ ਫਿਰ ਗ੍ਰਿਫ਼ਤਾਰ ਕਰ ਲਿਆ ਗਿਆ। ਇਹ ਸ਼ੱਕ ਕੀਤਾ ਜਾਂਦਾ ਹੈ ਕਿ ਇੱਕ ਵਾਰ ਜੇਲ੍ਹ ਦੇ ਡਾਕਟਰ ਰਾਹੀਂ ਆਪ ਨੂੰ ਗੁੱਝੀ ਕਿਸਮ ਦਾ ਜ਼ਹਿਰ ਵੀ ਦਿੱਤਾ ਗਿਆ ਅਤੇ ਅੱਤ ਮਰਨਊ ਹਾਲਤ ਵਿੱਚ 14 ਜੁਲਾਈ 1942 ਨੂੰ ਧਰਮਸ਼ਾਲਾ ਜੇਲ੍ਹ ਵਿੱਚੋਂ ਓਦੋਂ ਰਿਹਾਅ ਕਰ ਦਿੱਤਾ ਗਿਆ, ਜਦੋਂ ਆਪ ਦੋ ਕ਼ਦਮ ਪੁੱਟਣ ਦੀ ਹਾਲਤ ਵਿੱਚ ਵੀ ਨਹੀਂ ਸਨ। ਜੇਲ੍ਹ 'ਚੋਂ ਬਾਹਰ ਨਿਕਲਣ ਪਿੱਛੋਂ ਆਪ ਦੋ ਕਦਮ ਵੀ ਨਾ ਤੁਰ ਸਕੇ ਅਤੇ ਉਸ ਹਾਲਤ ਵਿੱਚ ਜੇਲ੍ਹ ਦੇ ਬਾਹਰ ਹੀ ਲੇਟ ਗਏ। ਕਿਸੇ ਰਾਹੀ ਨੇ ਆਪ ਨੂੰ ਜੇਲ੍ਹ ਦੇ ਬਾਹਰ ਲੇਟਿਆਂ ਵੇਖਿਆਂ ਤਾਂ ਉਸਨੇ ਸਥਾਨਕ ਕਾਂਗਰਸ ਦੇ ਦਫ਼ਤਰ ਵਿੱਚ ਇਸ ਦੀ ਖ਼ਬਰ ਦਿੱਤੀ । ਤਾਂ ਉਸ ਕਾਂਗਰਸ ਦਫ਼ਤਰ ਤੋਂ ਕਾਂਗਰਸ ਵਰਕਰ ਸਰਲਾ ਦੇਵੀ ਅਤੇ ਉਹਨਾਂ ਦਾ ਪਤੀ ਕਾਰ ਲੈ ਕੇ ਆਏ ਤੇ ਬਾਬਾ ਜੀ ਨੂੰ ਆਪਣੇ ਘਰ

(ਖੜ੍ਹੇ) ਹੌਲਦਾਰ ਨੱਥਾ ਸਿੰਘ, ਭਾਈ ਮੱਘਰ ਸਿੰਘ, ਭਾਈ ਵਿਸਾਖਾ ਸਿੰਘ (ਦੂਜੇ)
(ਕੁਰਸੀਆਂ 'ਤੇ) ਭਾਈ ਬਿਸ਼ਨ ਸਿੰਘ ਪਹਿਲਵਾਨ, ਬਾਬਾ ਜਵਾਲਾ ਸਿੰਘ ਠੱਠੀਆਂ, ਬਾਬਾ ਵਿਸਾਖਾ ਸਿੰਘ, ਭਾਈ ਬਿਸ਼ਨ ਸਿੰਘ ਮੱਦੂਕਾ, ਭਾਈ ਹਜ਼ਾਰਾ ਸਿੰਘ
(ਹੇਠਾਂ ਬੈਠੇ) ਇਕਬਾਲ ਸਿੰਘ (ਹੁਣ ਰਿਟਾਇਰਡ ਮਾਸਟਰ), ਬਿਸ਼ਨ ਸਿੰਘ, ਕਾਕਾ ਹਿੰਮਤ ਸਿੰਘ ਅਤੇ ਸੁਲੱਖਣ ਸਿੰਘ

ਕਾਂਗੜੇ ਲੈ ਗਏ। ਡਾਕਟਰੀ ਸਹਾਇਤਾ ਨਾਲ਼ ਆਪ ਦੀ ਸਿਹਤ ਵਿੱਚ ਸੁਧਾਰ ਹੋ ਗਿਆ।

ਲੋਕ ਸੇਵਾ ਵਿੱਚ

ਤੁਰਨ-ਫਿਰਨ ਦੇ ਕਾਬਲ ਹੁੰਦੇ ਹੀ ਬਾਬਾ ਵਿਸਾਖਾ ਸਿੰਘ ਫਿਰ ਲੋਕ-ਸੇਵਾ ਵਿੱਚ ਤਨਦੇਹੀ ਨਾਲ਼ ਜੁਟ ਪਏ। ਅਖ਼ੀਰ ਉਹ ਦਿਨ ਆ ਪੁੱਜਾ, ਜਦੋਂ ਸ਼ਹੀਦਾਂ ਦੇ ਖ਼ੂਨ ਅਤੇ ਬਾਬਾ ਵਿਸਾਖਾ ਸਿੰਘ ਵਰਗੇ ਜ਼ਿੰਦਾ ਸ਼ਹੀਦਾਂ ਦੇ ਪਸੀਨੇ ਨੇ ਮਿਲ਼ ਕੇ ਵਿਦੇਸ਼ੀ ਰਾਜ ਦਾ ਕਲੰਕ ਧੋ ਦਿੱਤਾ, ਪਰ ਇਹ ਅਖੌਤੀ ਸਵਰਾਜ ਇੱਕ ਵੱਡੀ ਤਬਾਹੀ ਲੈ ਕੇ ਆਇਆ। ਦੇਸ਼ ਦੀ ਵੰਡ ਸਮੇਂ ਭੜਕੇ ਫ਼ਿਰਕੂ ਫ਼ਸਾਦਾਂ ਦੀ ਅੱਗ ਨੂੰ ਬਾਬਾ ਵਿਸਾਖਾ ਸਿੰਘ ਵਰਗੇ ਦੇਸ਼-ਭਗਤਾਂ ਦੇ ਹੰਝੂ ਮਿਲ਼ ਕੇ ਵੀ ਨਾ ਬੁਝਾ ਸਕੇ, ਪਰ ਇਸ ਦੇ ਬਾਵਜੂਦ ਆਪ ਆਪਣੀ ਜਾਨ ਜੋਖ਼ਮ ਵਿੱਚ ਪਾ ਕੇ ਨਫ਼ਰਤ ਭਰੇ ਨਾਹਰਿਆਂ ਦੇ ਸ਼ੋਰ ਅੰਦਰ ਏਕਤਾ ਅਤੇ ਭਾਈਚਾਰੇ ਦਾ ਹੋਕਾ ਦਿੰਦੇ ਰਹੇ।

1947 ਦੀ ਦੇਸ਼ ਵੰਡ ਸਮੇਂ ਦੀ ਤਸਵੀਰ

ਅਖ਼ੀਰ ਵੰਡ ਉਪਰੰਤ ਇਸ ਅਜ਼ਾਦੀ ਦੀ ਪੀੜ ਨੂੰ ਦਿਲ ਅੰਦਰ ਦਬਾਅ ਕੇ ਬਾਬਾ ਵਿਸਾਖਾ ਸਿੰਘ ਨੇ ਸ਼ਰਨਾਰਥੀਆਂ ਦੀ ਸਾਂਭ-ਸੰਭਾਲ਼ ਲਈ ਆਪਾ ਝੋਕ ਦਿੱਤਾ। ਕੁਝ ਚਿਰ ਬਾਅਦ ਟਿਕ-ਟਿਕਾਅ ਹੋਣ ਉਪਰੰਤ ਜਦੋਂ ਅਜ਼ਾਦੀ ਦੀ ਅਸਲੀਅਤ ਪ੍ਰਗਟ ਹੋਣ ਲੱਗੀ ਤਾਂ ਅਜ਼ਾਦੀ ਦੀ ਪ੍ਰਾਪਤੀ ਲਈ ਆਪਣੀਆਂ ਜਿੰਦੜੀਆਂ ਦਾਅ ਤੇ ਲਾਉਣ ਵਾਲ਼ੇ ਦੇਸ਼-ਭਗਤ ਤੜਫ਼ ਉੱਠੇ। ਇਸ ਤੜਫ਼ ਨੂੰ ਵੀ ਸਰਕਾਰ ਨੇ ਆਪਣੇ ਲਈ 'ਖ਼ਤਰੇ ਦੀ ਘੰਟੀ' ਸਮਝ ਕੇ ਬਾਬਾ ਸੋਹਣ ਸਿੰਘ ਭਕਨਾ, ਬਾਬਾ ਸੋਹਣ ਸਿੰਘ ਜੋਸ਼ ਸਮੇਤ ਕਈ ਅਜ਼ਾਦੀ ਘੁਲਾਟੀਆਂ ਨੂੰ ਫੜ ਕੇ ਜੇਲ੍ਹ ਵਿੱਚ ਬੰਦ ਕਰ ਦਿੱਤਾ। ਜੇਲ੍ਹ ਵਿੱਚ ਅੰਗਰੇਜ਼ੀ ਰਾਜ ਵਰਗਾ ਭੈੜਾ ਵਤੀਰਾ ਵੇਖ ਕੇ ਇਹਨਾਂ ਦੇਸ਼-ਭਗਤਾਂ ਨੇ ਭੁੱਖ-ਹੜਤਾਲ ਕਰ ਦਿੱਤੀ। ਇਸ ਵੇਲ਼ੇ ਪੂਰੀ ਸਰਗ਼ਰਮੀ ਨਾਲ਼ ਅੰਮ੍ਰਿਤ-ਸੰਚਾਰ ਲਹਿਰ ਵਿੱਚ ਜੁਟੇ ਬਾਬਾ ਵਿਸਾਖਾ ਸਿੰਘ ਨੂੰ ਜਦੋਂ ਇਸ ਬਾਰੇ ਪਤਾ ਲੱਗਾ ਤਾਂ ਆਪ ਰੋਹ ਵਿੱਚ ਆ ਗਏ। ਫਿਰ ਬਾਬਾ ਵਿਸਾਖਾ ਸਿੰਘ ਸਾਰੇ ਕੰਮ ਛੱਡ ਕੇ ਸਿੱਧੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਕੋਲ਼ ਜਾ ਪੁੱਜੇ ਤੇ ਗੁੱਸੇ ਵਿੱਚ ਨਹਿਰੂ ਨੂੰ ਖਰੀਆਂ-ਖਰੀਆਂ ਸੁਣਾਉਂਦੇ ਹੋਏ ਕਹਿਣ ਲੱਗੇ:

"ਪੰਡਤ ਜੀ ! ਜਿਨ੍ਹਾਂ ਲੋਕਾਂ ਨੇ ਦੇਸ਼ ਦੀ ਖ਼ਾਤਰ ਆਪਣਾ ਸਭ ਕੁਝ ਵਾਰ ਦਿੱਤਾ, ਜਿਨ੍ਹਾਂ ਦੀਆਂ ਕੁਰਬਾਨੀਆਂ ਨੇ ਤੁਹਾਡੀਆਂ ਜੜ੍ਹਾਂ ਲਾਈਆਂ, ਅਜ਼ਾਦੀ ਤੋਂ ਬਾਅਦ ਅੱਜ ਉਹਨਾਂ ਹੀ ਲੋਕਾਂ ਦੇ ਹੱਡ ਜੇਲ੍ਹਾਂ ਅੰਦਰ ਰੋਲੇ ਜਾ ਰਹੇ ਨੇ। ਕੀ ਇਹੋ ਹੈ ਕੌਮੀ ਸਰਕਾਰ ?"



ਪੰਡਿਤ ਜਵਾਹਰ ਲਾਲ ਨਹਿਰੂ ਅਤੇ ਬਾਬਾ ਵਿਸਾਖਾ ਸਿੰਘ ਜੀ

ਪੰਡਤ ਨਹਿਰੂ ਨੇ ਬਾਬਾ ਜੀ ਨੂੰ ਰੋਹ ਵਿੱਚ ਵੇਖ ਕੇ ਇਸ ਗੁਸਤਾਖ਼ੀ ਲਈ ਸਰਕਾਰ ਵੱਲੋਂ ਖ਼ਿਮਾ ਮੰਗੀ, ਪਰ ਬਾਬਾ ਜੀ ਵੀ ਇਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਇਹ ਮਾਫ਼ੀ ਦੇਸ਼-ਭਗਤਾਂ ਨਾਲ਼ ਹੋਏ ਧੋਖੇ ਦੀ ਤਲਾਫ਼ੀ ਨਹੀਂ ਸੀ ਕਰ ਸਕਦੀ। ਬਾਬਾ ਵਿਸਾਖਾ ਸਿੰਘ ਇਹ ਗੱਲ ਚੰਗੀ ਤਰ੍ਹਾਂ ਸਮਝ ਗਏ ਸਨ ਕਿ ਸਾਡੇ ਸੁਪਨਿਆਂ ਵਾਲ਼ੀ ਅਜ਼ਾਦੀ ਅਜੇ ਦੂਰ ਹੈ, ਇਸੇ ਲਈ ਹੀ ਅੰਮ੍ਰਿਤ-ਸੰਚਾਰ ਦੀ ਲਹਿਰ ਚਲਾਉਂਦੇ ਹੋਏ, ਉਹ ਹਰ ਬੀਬੀ ਨੂੰ 'ਮਾਈ ਭਾਗੋ' ਅਤੇ ਹਰ ਸਿੰਘ ਨੂੰ ਆਪਣੇ ਅੰਦਰ 'ਬਾਬਾ ਦੀਪ ਸਿੰਘ' ਅਤੇ 'ਅਕਾਲੀ ਫੂਲਾ ਸਿੰਘ' ਦੀ ਰੂਹ ਜਗਾਉਣ ਦੀ ਪ੍ਰੇਰਨਾ ਦਿਆ ਕਰਦੇ ਸਨ। ਸਿੱਖੀ ਆਪ ਦੀ ਨੂਰੀ ਸ਼ਖ਼ਸੀਅਤ ਵਿੱਚੋਂ ਡਲ੍ਹਕਦੀ ਸੀ। ਇੱਕ ਵਾਰ ਅੰਮ੍ਰਿਤ-ਪ੍ਰਚਾਰ ਸਮੇਂ ਪਿੰਡ ਬੁਤਾਲਾ ਵਿੱਚ ਕਿਸੇ ਸੱਜਣ ਨੇ ਆਪ ਦੀ ਨੂਰੀ ਸ਼ਖ਼ਸੀਅਤ ਦੇ ਦਰਸ਼ਨ ਕਰ ਕੇ ਆਪਣੇ ਸਾਥੀ ਨਾਲ਼ ਗੱਲ ਕਰਦਿਆਂ ਆਪ ਨੂੰ 'ਗੁਰੂ ਗੋਬਿੰਦ ਸਿੰਘ' ਕਹਿ ਦਿੱਤਾ। ਇਹ ਗੱਲ ਬਾਬਾ ਜੀ ਨੂੰ ਸੁਣ ਗਈ। ਆਪ ਨੇ ਤੁਰੰਤ ਉਸ ਸੱਜਣ ਨੂੰ ਆਪਣੇ ਕੋਲ਼ ਬੁਲਾ ਕੇ ਝਿੜਕਦਿਆਂ ਕਿਹਾ:-

"ਭਾਈ ! ਤੈਨੂੰ ਕੀ ਹੋ ਗਿਐ ? ਗੁਰੂ ਤਾਂ ਅੱਜ ਘਰ-ਘਰ ਬਣ ਬੈਠੇ ਨੇ, ਸਿੱਖ ਬਣਨਾ ਬੜਾ ਔਖਾ ਐ। ਅਸੀਂ ਤਾਂ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਸਾਨੂੰ ਸਿੱਖ ਬਣਨ ਦਾ ਬਲ ਬਖ਼ਸ਼ੇ"।

ਤੇ ਅਖ਼ੀਰ ਇਸੇ ਹੀ ਤਰ੍ਹਾਂ ਗੁਰਮਤਿ ਪ੍ਰਚਾਰ ਕਰਦਿਆਂ ਇਹ ਇਨਕਲਾਬੀ ਸੂਰਮੇ 5 ਦਸੰਬਰ 1957 ਨੂੰ ਅੰਮ੍ਰਿਤ ਵੇਲ਼ੇ ਅਕਾਲ ਚਲਾਣਾ ਕਰ ਗਏ। ਇਹ ਠੀਕ ਹੈ ਕਿ ਬਾਬਾ ਵਿਸਾਖਾ ਸਿੰਘ ਨੇ ਜਿਸ ਅਜ਼ਾਦੀ ਦਾ ਸੁਪਨਾ ਵੇਖਿਆ ਸੀ, ਆਪ ਉਹ ਅਜ਼ਾਦੀ ਦੇਸ਼-ਵਾਸੀਆਂ ਨੂੰ ਨਹੀਂ ਦੇ ਸਕੇ, ਪਰ ਉਹਨਾਂ ਦੀ ਜੀਵਨੀ ਇੱਕ ਅਜਿਹਾ ਚਾਨਣ-ਮੁਨਾਰਾ ਹੈ, ਜੋ ਹਮੇਸ਼ਾ ਲਈ ਲੋਕਾਂ ਨੂੰ ਅਜ਼ਾਦੀ ਨਾਲ਼ ਜੀਣ ਅਤੇ ਜ਼ੁਲਮ, ਜਬਰ ਤੇ ਬੇਇਨਸਾਫ਼ੀ ਵਿਰੁੱਧ ਜੂਝਣ ਦਾ ਢੰਗ ਸਿਖਾਉਂਦਾ ਰਹੇਗਾ।

ਅੰਤਿਕਾ

ਦਦੇਹਰ ਪਿੰਡ ਦੀਆਂ ਗਲ਼ੀਆਂ ਵਿੱਚ

ਉਹ ਮਹਾਨ ਧਰਤੀ, ਜਿਸ ਨੇ ਬਾਬਾ ਵਿਸਾਖਾ ਸਿੰਘ ਵਰਗੇ ਸੰਤ ਸਿਪਾਹੀ ਨੂੰ ਜਨਮ ਦਿੱਤਾ, ਦੇ ਦਰਸ਼ਨਾਂ ਦੀ ਤਾਂਘ ਲੈ ਕੇ ਮੈਂ ਤੇ ਸੰਦੀਪ ਕੌਰ ਤਰਨਤਾਰਨ ਜ਼ਿਲ੍ਹੇ ਦੇ ਵਿੱਚ ਪੈਂਦੇ ਪਿੰਡ ਦਦੇਹਰ ਵਿਖੇ ਪਹੁੰਚੇ। ਪਿੰਡ ਦੇ ਬਾਹਰਵਾਰ ਗੋਹਾ ਸੰਭਾ਼ਲ ਰਹੀ ਇੱਕ ਬੀਬੀ ਨੂੰ ਪੁੱਛਿਆ:-

"ਅਸੀਂ ਬਾਬਾ ਵਿਸਾਖਾ ਸਿੰਘ ਦੇ ਅਸਥਾਨ ਤੇ ਜਾਣੈ..."।

ਉਸ ਬੀਬੀ ਨੇ ਦੱਸਿਆ ਕਿ ਪਿੰਡ ਵਿੱਚ ਦੋਵੇਂ ਗੁਰਦੁਆਰੇ ਬਾਬਾ ਵਿਸਾਖਾ ਸਿੰਘ ਨਾ਼ਲ ਸੰਬੰਧਿਤ ਹੀ ਨੇ। ਅਸੀਂ ਸਭ ਤੋਂ ਪਹਿਲਾਂ ਬਾਹਰਵਾਰ ਸੜਕ ਤੇ ਸਸ਼ੋਭਿਤ ਗੁਰਦੁਆਰਾ ਸਾਹਿਬ 'ਚ ਪਹੁੰਚੇ। ਮੱਥਾ ਟੇਕ ਕੇ ਜਿਓਂ ਹੀ ਅਸੀਂ ਓਥੇ ਬਾਹਰ ਇੱਕ ਰੁੱਖ ਥੱਲੇ ਪ੍ਰਸ਼ਾਦ ਵਰਤਾ ਰਹੇ ਬਿਰਧ ਸਿੰਘ ਤੋਂ ਬਾਬਾ ਵਿਸਾਖਾ ਸਿੰਘ ਜੀ ਦੀਆਂ ਯਾਦਗਾਰ ਵਸਤਾਂ ਬਾਰੇ ਪੁੱਛਿਆ, ਤਾਂ ਉਸ ਨੇ ਪਹਿਲਾਂ ਪ੍ਰਸ਼ਾਦਾ ਛਕਣ ਲਈ ਜ਼ੋਰ ਪਾਇਆ। ਅਖ਼ੀਰ ਪ੍ਰਸ਼ਾਦਾ ਛਕ ਕੇ ਅਸੀਂ ਬਾਬਾ ਵਿਸਾਖਾ ਸਿੰਘ ਬਾਰੇ ਹੋਰ ਅਣਲੱਭੇ ਵੇਰਵੇ ਇਕੱਤਰ ਕਰਨ ਨਿਕ਼ਲ ਤੁਰੇ।

ਦਦੇਹਰ ਪਿੰਡ ਵਿੱਚ ਲੇਖਕ ਦੋ ਪਿੰਡ ਵਾਸੀਆਂ ਨਾ਼ਲ

ਦੋਵੇਂ ਗੁਰਦੁਆਰੇ ਬਾਬਾ ਵਿਸਾਖਾ ਸਿੰਘ ਜੀ ਦੇ ਨਾ਼ਲ ਹੀ ਸੰਬੰਧਿਤ ਸਨ, ਇੱਕ ਉਹਨਾਂ ਦਾ ਜਨਮ ਅਸਥਾਨ ਹੈ ਤੇ ਇੱਕ ਤਪ (ਬੰਦਗੀ) ਅਸਥਾਨ, ਭਾਵ ਜਿੱਥੇ ਬੈਠ ਕੇ ਉਹ ਗੁਰਬਾਣੀ ਪੜ੍ਹਦੇ ਤੇ ਅਕਾਲ ਪੁਰਖ ਦਾ ਸਿਮਰਨ ਕਰਦੇ ਸਨ। ਸਾਨੂੰ ਦੋਹਾਂ ਅਸਥਾਨਾਂ ਵਿੱਚ ਉਹਨਾਂ ਦੀ ਕੋਈ ਯਾਦਗਾਰ ਨਿਸ਼ਾਨੀ ਤਾਂ ਨਾ ਮਿ਼ਲੀ, ਪਰ ਉਹਨਾਂ ਦੀ ਬੰਸਾਵਲੀ ਦਾ ਇੱਕ ਚਾਰਟ ਜ਼ਰੂਰ ਮਿ਼ਲ ਗਿਆ। ਇੱਕ ਗੱਲ ਇਹ ਵੀ ਪਤਾ ਲੱਗੀ ਕਿ ਪਿੰਡ ਵਿੱਚ ਇੱਕ ਮਾਸਟਰ ਹੈ, ਜਿਸ ਦਾ ਪਿਤਾ ਬਾਬਾ ਵਿਸਾਖਾ ਸਿੰਘ ਜੀ ਦੇ ਨਾ਼ਲ ਰਿਹਾ ਸੀ ਤੇ ਉਸ ਨੂੰ ਕਾਫ਼ੀ ਇਤਿਹਾਸ ਦਾ ਪਤਾ ਹੈ। ਅਸੀਂ ਇੱਕ ਸਿੰਘ ਦੀ ਮਦਦ ਨਾ਼ਲ ਉਕਤ ਮਾਸਟਰ ਦੇ ਘਰ ਵੀ ਜਾ ਪਹੁੰਚੇ।

ਇਸ ਘਰ ਜਾ ਕੇ ਪਤਾ ਲੱਗਾ ਕਿ ਇਹ ਘਰ ਕਿਸੇ ਹੋਰ ਦਾ ਨਹੀਂ, ਸਗੋਂ ਬਾਬਾ ਵਿਸਾਖਾ ਸਿੰਘ ਜੀ ਦੇ ਭਤੀਜੇ ਭਾਈ ਬਿਸ਼ਨ ਸਿੰਘ ਭਲਵਾਨ ਦਾ ਘਰ ਹੈ ਅਤੇ ਜਿਸ ਮਾਸਟਰ ਦਾ ਜ਼ਿਕਰ ਕੀਤਾ ਜਾ ਰਿਹਾ ਹੈ, ਉਹ ਮਾਸਟਰ ਇਕਬਾਲ ਸਿੰਘ, ਉਸ ਗ਼ਦਰੀ ਭਾਈ ਬਿਸ਼ਨ ਸਿੰਘ ਭਲਵਾਨ ਦੇ ਸਪੁੱਤਰ ਹਨ; ਅਤੇ ਹੁਣ ਰਿਟਾਇਰ ਹੋ ਚੁੱਕੇ ਹਨ।

ਭਾਈ ਬਿਸ਼ਨ ਸਿੰਘ ਭਲਵਾਨ ਸਰੀਰ ਦੇ ਤਕੜੇ ਹੋਣ ਕਾਰਨ ਕਾਲ਼ੇ ਪਾਣੀ 'ਚ ਵੀ ਜੇਲ੍ਹ ਅਧਿਕਾਰੀਆਂ ਦੀ ਛੇਤੀ ਕੀਤੇ ਪੇਸ਼ ਨਹੀਂ ਸਨ ਜਾਣ ਦਿੰਦੇ, ਉਹਨਾਂ ਦੇ ਬਾਰੇ ਇੱਕ ਘਟਨਾ ਕਾਲ਼ੇ ਪਾਣੀ ਜੇਲ੍ਹ ਦੀ ਬਾਬਾ ਵਿਸਾਖਾ ਸਿੰਘ ਜੀ ਨੇ ਲਿਖੀ ਹੋਈ ਹੈ। ਜਦੋਂ ਭਾਈ ਬਿਸ਼ਨ ਸਿੰਘ ਨੇ ਕੈਦੀਆਂ ਤੇ ਹੁੰਦੇ ਜ਼ੁਲਮਾਂ ਵਿਰੁੱਧ ਅਵਾਜ਼ ਬੁਲੰਦ ਕੀਤੀ ਤਾਂ ਉਹਨਾਂ ਨੂੰ ਹਥਕੜੀ ਲਾਉਣ ਦਾ ਹੁਕਮ ਹੋਇਆ। ਭਾਈ ਬਿਸ਼ਨ ਸਿੰਘ ਭਲਵਾਨ ਨੇ ਹਥਕੜੀ ਲੁਆਉਣੋਂ ਨਾਂਹ ਕਰ ਦਿੱਤੀ ਤਾਂ ਦੋ ਤਿੰਨ ਸਿਪਾਹੀ ਉਹਨਾਂ ਨੂੰ ਜ਼ਬਰਦਸਤੀ ਹਥਕੜੀ ਲਾਉਣ ਦੀ ਕੋਸ਼ਿਸ਼ ਵਿੱਚ ਆਪਣੇ ਬੁਥਾੜ ਭੰਨਵਾ ਬੈਠੇ। ਅਖ਼ੀਰ ਇੱਕ ਦੇਸ਼ ਭਗਤ ਦੇ ਸਮਝਾਉਣ ਤੇ ਭਾਈ ਬਿਸ਼ਨ ਸਿੰਘ ਭਲਵਾਨ ਨੇ ਹਥਕੜੀ ਲੁਆ ਲਈ।


ਗ਼ਦਰੀ ਭਾਈ ਬਿਸ਼ਨ ਸਿੰਘ ਭਲਵਾਨ

ਭਾਈ ਬਿਸ਼ਨ ਸਿੰਘ ਜੀ ਦੀ ਰਿਹਾਈ ਵੀ ਬਾਬਾ ਵਿਸਾਖਾ ਸਿੰਘ ਜੀ ਦੇ ਨਾਲ਼ ਹੀ ਹੋਈ ਸੀ। ਤੇ ਸਾਨੂੰ ਜਿਹੜੀ ਅਹਿਮ ਗੱਲ ਪਤਾ ਲੱਗੀ, ਉਹ ਇਹ ਸੀ ਕਿ 'ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ' ਜੋ ਬਾਬਾ ਵਿਸਾਖਾ ਸਿੰਘ ਹੋਰਾਂ ਨੇ ਕਾਇਮ ਕੀਤੀ ਅਤੇ ਉਸ ਕਮੇਟੀ ਨੇ ਹੋਰ ਕਾਰਜਾਂ ਦੇ ਨਾਲ਼ ਨਾਲ਼ ਗ਼ਦਰੀ ਦੇਸ਼ ਭਗਤਾਂ ਦੇ ਬੱਚਿਆਂ ਦੀ ਪੜ੍ਹਾਈ ਦੀ ਜ਼ਿੰਮੇਵਾਰੀ ਖ਼ੁਦ ਚੁੱਕ ਕੇ ਜਿਹੜੇ ਬੱਚੇ ਪੜ੍ਹਾਏ ਲਿਖਾਏ, ਇਹ ਸਾਡੇ ਸਾਮ੍ਹਣੇ ਬੈਠੇ ਮਾਸਟਰ ਇਕਬਾਲ ਸਿੰਘ (ਪੁੱਤਰ ਭਾਈ ਬਿਸ਼ਨ ਸਿੰਘ ਭਲਵਾਨ) ਵੀ ਉਹਨਾਂ ਵਿਦਿਆਰਥੀਆਂ 'ਚੋਂ ਇੱਕ ਹਨ।

ਮਾਸਟਰ ਇਕਬਾਲ ਸਿੰਘ ਤੇ ਉਹਨਾਂ ਦੇ ਪੁੱਤਰ ਮਲਕੀਤ ਸਿੰਘ ਨਾਲ਼ ਲੇਖਕ

ਸੰਦੀਪ ਕੌਰ ਲਈ ਇਹ ਹਕੀਕਤ ਬਹੁਤ ਹੀ ਭਾਵਪੂਰਤ ਸੀ। ਅਜੋਕੇ ਸਿੱਖ ਸੰਘਰਸ਼ ਵਿਚਲੇ ਸ਼ਹੀਦ ਸਿੰਘਾਂ ਦੇ ਬੱਚਿਆਂ ਨੂੰ ਪੜ੍ਹਾਉਂਦੀ ਹੋਈ ਅਕਸਰ ਉਹ ਉਹਨਾਂ 'ਚੋਂ ਕਿਸੇ ਵਿਸ਼ੇਸ਼ ਮੁਕਾਮ ਤੇ ਪਹੁੰਚਣ ਵਾਲ਼ਿਆਂ ਦੀ ਪ੍ਰਤੀਸ਼ਤ ਦੇ ਹਿਸਾਬ ਕਿਤਾਬ 'ਚ ਲੱਗੀ ਰਹਿੰਦੀ ਹੈ, ਪਰ ਹੁਣ ਬਾਬਾ ਵਿਸਾਖਾ ਸਿੰਘ ਦੀ ਇਸੇ ਹੀ ਮਿਸ਼ਨ ਤਹਿਤ ਘਾਲੀ ਹੋਈ ਘਾਲਣਾ ਦੀ ਸਫਲਤਾ ਦਾ ਇੱਕ ਜਿਉਂਦਾ ਜਾਗਦਾ ਪ੍ਰਮਾਣ ਉਸ ਦੇ ਸਾਮ੍ਹਣੇ ਬੈਠਾ ਸੀ, ਜੋ ਕਿ ਉਸ ਦਾ ਹੌਸਲਾ ਵਧਾਉਣ ਲਈ ਬਹੁਤ ਸੀ। ਇਸ ਲਈ ਉਸ ਨੇ ਬਾਬਾ ਵਿਸਾਖਾ ਸਿੰਘ ਜੀ ਦੇ 'ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ' ਵੱਲੋਂ ਪੜ੍ਹਾਏ ਹੋਏ

ਅਤੇ ਹੁਣ ਸੈਂਕੜੇ ਹੋਰ ਬੱਚਿਆਂ ਨੂੰ ਪੜ੍ਹਾ ਕੇ ਰਿਟਾਇਰ ਹੋ ਚੁੱਕੇ ਮਾਸਟਰ ਇਕਬਾਲ ਸਿੰਘ ਨਾ.ਲ ਇੱਕ ਯਾਦਗਾਰ ਫੋਟੋ ਵੀ ਖਿਚਵਾਈ।



ਮਾਸਟਰ ਇਕਬਾਲ ਸਿੰਘ ਅਤੇ ਬੀਬੀ ਸੰਦੀਪ ਕੌਰ

ਦਦੇਹਰ ਪਿੰਡ ਦੇ ਵਿੱਚ ਹਰ ਕੋਈ ਬਾਬਾ ਵਿਸਾਖਾ ਸਿੰਘ ਜੀ ਦਾ ਬਹੁਤ ਹੀ ਧਾਰਮਕ ਮਹਾਂਪੁਰਸ਼ਾਂ ਵਜੋਂ ਸਤਿਕਾਰ ਕਰਦਾ ਹੈ। ਸਰਕਾਰਾਂ ਨੇ ਅਜਿਹੇ ਮਹਾਨ ਅਜ਼ਾਦੀ ਘੁਲਾਟੀਆਂ ਦੀਆਂ ਯਾਦਗਾਰਾਂ ਨੂੰ ਸੰਭਾ.ਲਣ ਵਿੱਚ ਭਾਵੇਂ ਸਿਰੇ ਦੀ ਨਾਲਾਇਕੀ ਵਿਖਾਈ ਹੈ, ਪਰ ਇਹਨਾਂ ਯੋਧਿਆਂ ਦੀ ਯਾਦ ਅਸੀਂ ਪਿੰਡ ਵਾਸੀਆਂ ਦੇ ਦਿਲਾਂ ਵਿੱਚ ਸ਼ਰਧਾ ਬਣ ਕੇ ਸਮਾਈ ਹੋਈ ਮਹਿਸੂਸ ਕੀਤੀ।

ਗ਼ਦਰੀ ਬਾਬਾ ਵਿਸਾਖਾ ਸਿੰਘ ਜੀ ਦੀ ਇਸ ਜੰਮਣ ਭੋਇੰ ਨੂੰ ਪ੍ਰਣਾਮ ਕਰ ਕੇ ਜਦੋਂ ਅਸੀਂ ਵਾਪਸ ਤੁਰੇ ਤਾਂ ਮੇਰੇ ਮਨ ਵਿੱਚ ਸੰਘਰਸ਼ਸ਼ੀਲ ਗੀਤਕਾਰ ਤੇ ਗਾਇਕ ਰਾਜ ਕਾਕੜਾ ਵੱਲੋਂ ਗ਼ਦਰੀ ਬਾਬਿਆਂ ਤੇ ਮਾਣ ਕਰਦੀਆਂ ਗਾਈਆਂ ਸਤਰਾਂ ਘੁੰਮ ਰਹੀਆਂ ਸਨ:-

ਨਾ ਮਾਰ ਵੈਰੀਆ ਦਾਬੇ,
ਸਾਡੇ ਦਾਦੇ ਗ਼ਦਰੀ ਬਾਬੇ...।

ਤੇ ਗੁਰਦੁਆਰਾ ਸਾਹਿਬ ਵਿੱਚ ਹੀ ਬਾਬਾ ਵਿਸਾਖਾ ਸਿੰਘ ਦੀਆਂ ਤਸਵੀਰਾਂ ਦੇ ਕੋ.ਲ ਹੀ ਲੱਗੀ ਹੋਈ 6 ਜੂਨ 1984 'ਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਹੀਦ ਹੋਏ ਪਿੰਡ ਦੇ ਗੱਭਰੂ ਸਰਬਜੀਤ ਸਿੰਘ ਸਾਬ੍ਹਾ ਦੀ ਤਸਵੀਰ, ਜਿਵੇਂ ਮੁਸਕਰਾਉਂਦੀ ਹੋਈ ਸੁਨੇਹਾ ਦੇ ਰਹੀ ਸੀ:-

"ਅਸੀਂ ਕੌਮੀ ਹੱਕਾਂ ਤੇ ਅਜ਼ਾਦੀ ਲਈ ਸੰਘਰਸ਼ ਜਾਰੀ ਰੱਖਣਾ ਹੈ... ਹਰ ਹਾਲ ਵਿੱਚ ਜਾਰੀ ਰੱਖਣਾ ਹੈ... ਜਦ ਤਕ ਸਾਡੇ ਪੁਰਖਿਆਂ ਵੱਲੋਂ ਚਿਤਵੀ ਅਜ਼ਾਦੀ ਸਾਡੀ ਕੌਮ ਨੂੰ ਹਾਸਲ ਨਹੀਂ ਹੁੰਦੀ..."।

ਸੰਘਰਸ਼ ਅਜੇ ਜਾਰੀ ਹੈ

6 ਜੂਨ 1984 ਨੂੰ ਸ਼ਹੀਦ ਹੋਏ ਸਿੰਘ ਦੀ ਤਸਵੀਰ, ਬਾਬਾ ਵਿਸਾਖਾ ਸਿੰਘ ਦੀ ਤਸਵੀਰ ਦੇ ਨਾਲ

ਗ਼ਦਰੀ ਬਾਬਾ ਵਿਸਾਖਾ ਸਿੰਘ